Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

Vol 19*Issue 233 | Wednesday, December 02, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਲਈ ਟਰੂਡੋ ਨੂੰ ਹੀ ਖਰੀਆਂ ਖੋਟੀਆਂ ਸੁਣਾ ਰਹੇ ਹਨ ਭਾਰਤ ਦੇ ਸਿਆਸਤਦਾਨ

ਟੋਰਾਂਟੋ, 1 ਦਸੰਬਰ (ਪੋਸਟ ਬਿਊਰੋ) : ਭਾਰਤ ਵਿੱਚ ਕਿਸਾਨਾਂ ਦੇ ਦਿਨੋਂ ਦਿਨ ਤੇਜ਼ ਹੋ ਰਹੇ ਅੰਦੋਲਨ ਬਾਰੇ ਚਿੰਤਾ ਪ੍ਰਗਟ ਕਰਨ ਉੱਤੇ ਕੁੱਝ ਭਾਰਤੀ ਸਿਆਸਤਦਾਨਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਲੰਮੇਂ ਹੱਥੀਂ ਲਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਤੰਬਰ ਦੇ ਮਹੀਨੇ ਪਾਸ ਕੀਤੇ ਗਏ ਕਾਨੂੰਨਾਂ ਖਿਲਾਫ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਕਿਸਾਨ ਦਿੱਲੀ ਪਹੁੰਚ ਕੇ ਆਪਣੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣੀ ਚਾਹੁੰਦੇ ਹਨ। ਕਿਸਾਨਾਂ ਦਾ ਮੰਨਣਾ ਹੈ ਕਿ ਇਨ੍ਹਾਂ ਕਾਨੂੰਨਾਂ ਨਾਲ ਕਾਰਪੋਰੇਸ਼ਨਾਂ ਨੂੰ ਖੁੱਲ੍ਹੀ ਛੁੱਟੀ ਮਿਲ ਜਾਵੇਗੀ ਤੇ ਖੇਤੀਬਾੜੀ ਨੂੰ ਵੱਡਾ ਨੁਕਸਾਨ ਪਹੁੰਚੇਗਾ। ਪਰ ਸਰਕਾਰ ਵੱਲੋਂ ਨਵੀਂ ਦਿੱਲੀ ਪਹੁੰਚਣ ਉੱਤੇ ਕਿਸਾਨਾਂ ਦਾ ਸਵਾਗਤ ਅੱਥਰੂ ਗੈਸ ਦੇ ਗੋਲਿਆਂ ਤੇ ਪਾਣੀ ਦੀਆਂ ਵਾਛੜਾਂ ਨਾਲ ਕੀਤਾ ਗਿਆ। ਇਸ ਸੱਭ ਦੇ ਬਾਵਜੂਦ ਕਿਸਾਨਾਂ ਨੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ ਕਿ ਉਹ ਲੋੜ ਪੈਣ ਉੱਤੇ ਦਿਨਾਂ ਤੱਕ ਨਹੀਂ ਸਗੋਂ ਕਈ ਹਫਤਿਆਂ ਤੱਕ ਉੱਥੇ ਹੀ ਰਹਿਣਗੇ। ਬਹੁਤੇ ਕਿਸਾਨ ਆਪਣੇ ਨਾਲ ਕਈ ਮਹੀਨਿਆਂ ਦਾ ਰਾਸ਼ਨ ਲੈ ਕੇ ਪਹੁੰਚੇ ਹਨ।

ਸੋਮਵਾਰ ਨੂੰ ਗੁਰੂ ਨਾਨਕ ਦੇਵ ਜੀ ਦੇ 551ਵੇਂ ਜਨਮਦਿਨ ਦੇ ਵਰਚੂਅਲ ਜਸ਼ਨਾਂ ਦੌਰਾਨ ਟਰੂਡੋ ਨੇ ਆਖਿਆ ਕਿ ਭਾਰਤ ਵਿੱਚ ਹਾਲਾਤ ਕਾਫੀ ਚਿੰਤਾਜਨਕ ਹਨ ਤੇ ਅਸੀਂ ਸਾਰੇ ਪਰਿਵਾਰਾਂ ਤੇ ਦੋਸਤਾਂ ਲਈ ਕਾਫੀ ਚਿੰਤਤ ਹਾਂ। ਟਰੂਡੋ ਨੇ ਆਖਿਆ ਕਿ ਕੈਨੇਡਾ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਮੁਜ਼ਾਹਰਿਆਂ ਦੇ ਹੱਕ ਵਿੱਚ ਹੈ। ਅਸੀਂ ਗੱਲਬਾਤ ਦੀ ਅਹਿਮੀਅਤ ਉੱਤੇ ਜ਼ੋਰ ਦਿੰਦੇ ਹਾਂ ਤੇ ਇਸੇ ਲਈ ਅਸੀਂ ਇਸ ਸਬੰਧ ਵਿੱਚ ਆਪਣੀ ਚਿੰਤਾ ਭਾਰਤੀ ਅਧਿਕਾਰੀਆਂ ਤੱਕ ਵੀ ਪਹੁੰਚਾਈ ਹੈ। ਇੱਥੇ ਦੱਸਣਾ




ਬਣਦਾ ਹੈ ਕਿ ਬਾਅਦ ਵਿੱਚ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਵੀ ਟਰੂਡੋ ਦੇ ਇਸ ਬਿਆਨ ਨੂੰ ਰੀ ਟਵੀਟ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਨਵੇਂ ਕਾਨੂੰਨਾਂ ਨਾਲ ਕਿਸਾਨਾਂ ਨੂੰ ਆਪਣੀਆਂ ਵਸਤਾਂ ਦੀਆਂ ਕੀਮਤਾਂ ਆਪ ਤੈਅ ਕਰਨ ਦਾ ਅਧਿਕਾਰ ਮਿਲੇਗਾ ਤੇ ਉਹ ਸਿੱਧੇ ਤੌਰ ਉੱਤੇ ਆਪਣੀਆਂ ਵਸਤਾਂ ਕਾਰੋਬਾਰੀਆਂ ਨੂੰ ਵੇਚ ਸਕਣਗੇ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੌਰਗਨ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਬਿਆਨ ਜਾਰੀ ਕਰ ਚੁੱਕੇ ਹਨ ਪਰ ਟਰੂਡੋ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਜਨਤਕ ਬਿਆਨ ਜਾਰੀ ਕਰਕੇ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ। ਟਰੂਡੋ ਦੇ ਇਸ ਬਿਆਨ ਦੀ ਚੁਫੇਰਿਓਂ ਜਿੰਨੀ ਸਿਫਤ ਹੋ ਰਹੀ ਹੈ ਉੱਥੇ ਹੀ ਭਾਰਤ ਦੇ ਕੁੱਝ ਸਿਆ-ਸਤਦਾਨਾਂ ਵੱਲੋਂ ਇਸ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਇੱਕ ਬਿਆਨ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਆਖਿਆ ਕਿ ਇਹ ਬਿਆਨ ਗਲਤ ਜਾਣਕਾਰੀ ਦੇ ਅਧਾਰ ਉੱਤੇ ਜਾਰੀ ਕੀਤਾ ਗਿਆ ਲੱਗਦਾ ਹੈ। ਅਜਿਹੇ ਬਿਆਨ ਦੀ ਉਦੋਂ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ ਜਦੋਂ ਉਹ ਮਾਮਲਾ ਕਿਸੇ ਜਮਹੂਰੀ ਮੁਲਕ ਦੇ ਅੰਦਰੂਨੀ ਮਾਮਲਿਆਂ ਨਾਲ ਜੁੜਿਆ ਹੋਵੇ। ਇਸ ਦੇ ਨਾਲ ਹੀ ਡਿਪਲੋਮੈਟਿਕ ਗੱਲਬਾਤ ਨੂੰ ਸਿਆਸੀ ਮਕਸਦ ਲਈ ਨਹੀਂ ਵਰਤਿਆ ਜਾਣਾ ਚਾਹੀਦਾ।


ਇਸ ਦੌਰਾਨ ਸ਼ਿਵ ਸੇਨਾ ਦੀ ਡਿਪਟੀ ਲੀਡਰ ਤੇ ਐਮਪੀ ਪ੍ਰਿਅੰਕਾ ਚਤੁਰਵੇਦੀ ਨੇ ਆਖਿਆ ਕਿ ਟਰੂਡੋ ਦੀ ਚਿੰਤਾ ਉਹ ਸਮਝ ਸਕਦੀ ਹੈ ਪਰ ਭਾਰਤ ਦੇ ਅੰਦਰੂਨੀ ਮਾਮਲੇ ਕਿਸੇ ਹੋਰ ਦੇਸ਼ ਦੀ ਸਿਆਸਤ ਲਈ ਚਾਰਾ ਨਹੀਂ ਹੋਣੇ ਚਾਹੀਦੇ। ਦਿੱਲੀ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਦੇ ਬੁਲਾਰੇ ਰਾਘਵ ਚੱਢਾ ਨੇ ਆਖਿਆ ਕਿ ਕੇਂਦਰ ਵਿੱਚ ਮੌਜੂਦ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਜਲਦ ਇਸ ਮੁੱਦੇ ਨੂੰ ਹੱਲ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ ਤੇ ਹੋਰਨਾਂ ਦੇਸ਼ਾਂ ਦੇ ਸਿਆਸਤਦਾਨਾਂ ਨੂੰ ਅਜਿਹੇ ਮਾਮਲੇ ਵਿੱਚ ਟਿੱਪਣੀਆ ਕਰਨ ਦੀ ਕੋਈ ਲੋੜ ਨਹੀਂ ਹੈ। ਭਾਰਤ ਆਪਣੇ ਘਰੇਲੂ ਮਸਲੇ ਹੱਲ ਕਰਨ ਦੇ ਸਮਰੱਥ ਹੈ।

# ਫੈਡਰਲ ਸਰਕਾਰ ਦੇ ਨਵੇਂ ਇਕਨੌਮਿਕ ਪਲੈਨ ਨੂੰ ਵਿਰੋਧੀ ਧਿਰਾਂ ਨੇ ਠੁਕਰਾਇਆ

ਓਨਟਾਰੀਓ, 1 ਦਸੰਬਰ (ਪੋਸਟ ਬਿਊਰੋ) : ਫੈਡਰਲ ਲਿਬਰਲਾਂ ਵੱਲੋਂ ਕੈਨੇਡੀਅਨਾਂ ਦੀ ਕਾਰੋਬਾਰਾਂ ਵਿੱਚ ਮਦਦ ਕਰਨ ਤੇ ਵਰਕਰਜ਼ ਦੀ ਮਦਦ ਲਈ ਨਵੇਂ ਖਰਚਿਆਂ ਦਾ ਵਾਅਦਾ ਕੀਤਾ ਗਿਆ ਹੈ।

ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਅਰਥਚਾਰੇ ਦੇ ਸਬੰਧ ਵਿੱਚ ਮੁਹੱਈਆ ਕਰਵਾਈ ਗਈ ਅਪਡੇਟ ਵਿੱਚ ਨਵੇਂ ਸਾਲ ਵਿੱਚ ਪਰਿਵਾਰਾਂ ਨੂੰ ਵਾਧੂ ਚਾਈਲਡ ਬੈਨੇਫਿਟ ਪੇਅਮੈਂਟਸ ਦੇਣ ਦੀ ਪੇਸ਼ਕਸ਼ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵੇਜ ਸਬਸਿਡੀ ਬਿਜ਼ਨਸ ਪੇਅਰੋਲ ਟੈਕਸਾਂ ਦਾ 75 ਫੀ ਸਦੀ ਤੱਕ ਵਾਪਿਸ ਲਿਆਉਣ ਦਾ ਵਾਅਦਾ ਵੀ ਕੀਤਾ ਗਿਆ ਹੈ।

ਪਰ ਫੈਡਰਲ ਵਿਰੋਧੀ ਪਾਰਟੀਆਂ ਵੱਲੋਂ ਪਹਿਲਾਂ ਹੀ ਇਸ ਪਲੈਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤੇ ਇਹ ਆਖਿਆ ਜਾ ਰਿਹਾ ਹੈ ਕਿ ਉਹ ਇਸ ਨੂੰ ਰੱਦ ਕਰ ਸਕਦੀਆਂ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਸ



ਨਾਲ ਸਰਕਾਰ ਨੂੰ ਇੱਕ ਵਾਰੀ ਫਿਰ ਭਰੋਸੇ ਦਾ ਵੋਟ ਹਾਸਲ ਕਰਨ ਦੇ ਸੰਕਟ ਵਿੱਚੋਂ ਗੁਜ਼ਰਨਾ ਪੈ ਸਕਦਾ ਹੈ। ਇਸ ਕਾਰਨ ਚੋਣਾਂ ਦਾ ਬਿਗਲ ਵੀ ਵੱਜ ਸਕਦਾ ਹੈ। ਇਸ ਇਕਨੌਕਿਮ ਅਪਡੇਟ ਵਿੱਚ ਬਹੁਤ ਵੱਡੇ ਘਾਟੇ ਦੀ ਗੱਲ ਵੀ ਆਖੀ ਗਈ ਹੈ। ਸਰਕਾਰ ਵੱਲੋਂ ਟੈਕਸਾਂ ਤੇ ਹੋਰ ਆਮਦਨ ਰਾਹੀਂ ਜਿਹੜਾ ਸਰਮ-ਾਇਆ ਜੋੜਿਆ ਜਾਂਦਾ ਹੈ ਉਸ ਤੋਂ ਵੱਧ 400 ਬਿਲੀਅਨ ਡਾਲਰ ਤੱਕ ਖਰਚਾ ਕਰਨ ਦੀ ਗੱਲ ਆਖੀ ਗਈ ਹੈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਇਸ ਬਿਆਨ ਵਿੱਚ ਵੈਕਸੀਨ ਡਲਿਵਰੀ ਦਾ ਕੋਈ ਜ਼ਿਕਰ ਤੱਕ ਨਹੀਂ ਹੈ ਤੇ ਇਸ ਤੋਂ ਬਿਨਾਂ ਆਰਥਿਕ ਰਿਕਵਰੀ ਲਈ ਕੋਈ ਲਾਂਗ ਟਰਮ ਯੋਜਨਾ ਨਹੀਂ ਹੋ ਸਕਦੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕੰਪਨੀ ਸ਼ਾਇਦ ਇਸ ਦਾ ਸਮਰਥਨ ਨਾ ਕਰ ਸਕੇ।

ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਲਿਬਰਲਾਂ ਵੱਲੋਂ ਪੇਸ਼ ਕੀਤੀ ਗਈ ਅਪਡੇਟ ਦੇ ਖਿਲਾਫ ਵੋਟ ਕਰੇਗੀ। ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਗੱਲ ਚਾਈਲਡ ਕੇਅਰ ਜਾਂ ਫਾਰਮਾਕੇਅਰ ਦੀ ਆਉਂਦੀ ਹੈ ਤਾਂ ਇਹ ਯੋਜਨਾ ਬਹੁਤੀ ਦੇਰ ਨਹੀਂ ਚੱਲਣ ਵਾਲੀ।

# ਚੌਥੀ ਵੈਕਸੀਨ ਦਾ ਮੁਲਾਂਕਣ ਕਰੇਗੀ ਹੈਲਥ ਕੈਨੇਡਾ



ਓਟਵਾ, 1 ਦਸੰਬਰ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਪੈਟੀ ਹਾਜ਼ਦੂ ਦਾ ਕਹਿਣਾ ਹੈ ਕਿ ਜੌਹਨਸਨ ਐਂਡ ਜੌਹਨਸਨ ਵੱਲੋਂ ਕੋਵਿਡ-19 ਵੈਕਸੀਨ ਹੈਲਥ ਕੈਨੇਡਾ ਦੀ ਮਨਜ਼ੂਰੀ ਲਈ ਜਮ੍ਹਾਂ ਕਰਵਾਈ ਗਈ ਹੈ।

ਕੈਨੇਡਾ ਦੇ ਮੁਲਾਂਕਣ ਲਈ ਇਹ ਚੌਥੀ ਵੈਕਸੀਨ ਹੈ ਜਿਸ ਨੂੰ ਮੁਲਾਂਕਣ ਲਈ ਭੇਜਿਆ ਗਿਆ ਹੈ। ਇੱਥੇ ਹੀ ਬੱਸ ਨਹੀਂ ਹੋਰਨਾਂ ਵੈਕਸੀਨਜ਼ ਦੀਆਂ ਜਿੱਥੇ ਦੋ ਡੋਜ਼ਾਂ ਨਾਲ ਇਮਿਊਨਿਟੀ ਮਜ਼ਬੂਤ ਹੋਵੇਗੀ ਉੱਥੇ ਇਸ ਵੈਕਸੀਨ ਦੀ ਸਿਰਫ ਇੱਕ ਡੋਜ਼ ਹੀ ਕਾਫੀ ਹੋਵੇਗੀ। ਇਸ ਤੋਂ ਪਹਿਲਾਂ ਹੈਲਥ ਕੈਨੇਡਾ ਫਾਈਜ਼ਰ, ਮੌਡਰਨਾ ਤੇ ਐਸਟਰਾਜ਼ੈਨੇਕਾ ਵੈਕਸੀਨ ਦੀ ਜਾਂਚ ਕਰ ਰਹੀ ਹੈ। ਇਨ੍ਹਾਂ ਕੰਪਨੀਆਂ ਵੱਲੋਂ ਅਕਤੂਬਰ ਵਿੱਚ ਹੀ ਆਪਣੀ ਵੈਕਸੀਨਜ਼ ਦੇ ਸਬੰਧ ਵਿੱਚ ਅੰਸ਼ਕ ਡਾਟਾ ਮੁਹੱਈਆ ਕਰਵਾ ਦਿੱਤਾ ਗਿਆ ਸੀ।

ਜੇ ਜੌਹਨਸਨ ਐਂਡ ਜੌਹਨਸਨ ਵੈਕਸੀਨ ਹੈਲਥ ਕੈਨੇਡਾ ਦੇ ਸੇਫਟੀ ਤੇ ਪ੍ਰਭਾਵਸ਼ੀਲਤਾ ਦੇ ਮਿਆਰ ਉੱਤੇ ਖਰੀ ਉਤਰਦੀ ਹੈ ਤਾਂ ਕੈਨੇਡੀਅਨ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਇਰਾਦਾ 10 ਮਿਲੀਅਨ ਡੋਜ਼ਾਂ ਖਰੀਦਣ ਦਾ ਹੈ ਤੇ ਇਸ ਤੋਂ ਇਲਾਵਾ ਉਹ ਲੋੜ ਪੈਣ ਉੱਤੇ 28 ਮਿਲੀਅਨ ਡੋਜ਼ਾਂ ਹੋਰ ਖਰੀਦ ਸਕਣਗੇ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Avon Financial Advice you can bank on. Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਲੰਮਾਂ ਸਮਾਂ ਜਾਰੀ ਰਹਿ ਸਕਦੀਆਂ ਹਨ ਕੈਨੇਡਾ-ਯੂ ਐਸ ਸਰਹੱਦੀ ਪਾਬੰਦੀਆਂ : ਟਰੂਡੋ



ਓਟਵਾ, 1 ਦਸੰਬਰ (ਪੋਸਟ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜਦੋਂ ਤੱਕ ਕੈਨੇਡਾ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਕੋਵਿਡ-19 ਆਊਟਬ੍ਰੇਕ ਨੂੰ ਨਿਯੰਤਰਿਤ ਨਹੀਂ ਕਰ ਲਿਆ ਜਾਂਦਾ ਉਦੋਂ ਤੱਕ ਅਮਰੀਕਾ ਨਾਲ ਗੈਰ ਜ਼ਰੂਰੀ ਟਰੈਵਲ ਉੱਤੇ ਲੱਗੀਆਂ ਪਾਬੰਦੀਆਂ ਖ਼ਤਮ ਨਹੀਂ ਕੀਤੀਆਂ ਜਾਣਗੀਆਂ।

ਟਰੂਡੋ ਨੇ ਮੰਗਲਵਾਰ ਨੂੰ ਰੋਜ਼ਾਨਾ ਬ੍ਰੀਫਿੰਗ ਦੌਰਾਨ ਆਖਿਆ ਕਿ ਕੈਨੇਡਾ ਤੇ ਅਮਰੀਕਾ ਨੇ ਮਾਰਚ ਵਿੱਚ ਇਨ੍ਹਾਂ ਪਾਬੰਦੀਆਂ ਲਈ ਸਹਿਮਤੀ ਪ੍ਰਗਟਾਈ ਸੀ ਤੇ ਉਦੋਂ ਤੋਂ ਹੀ ਹਰ ਮਹੀਨੇ ਇਨ੍ਹਾਂ ਪਾਬੰਦੀਆਂ ਨੂੰ ਮੁੜ ਨੰਵਿਆਇਆ ਜਾ ਰਿਹਾ ਹੈ। ਵਾਇਰਸ ਦੇ ਪਸਾਰ ਨੂੰ ਰੋਕਣ ਲਈ ਛੁੱਟੀਆਂ ਮਨਾਉਣ ਲਈ, ਦਿਨ ਵੇਲੇ ਘੁੰਮਣ ਫਿਰਨ ਤੇ ਸਰਹੱਦੋਂ ਆਰ ਪਾਰ ਸ਼ਾਪਿੰਗ ਲਈ ਜਾਣ ਉੱਤੇ ਮਨਾਹੀ ਹੈ। ਪਰ ਇਸ ਟਰੈਵਲ ਬੈਨ ਤਹਿਤ ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ ਹੈ ਜਿਨ੍ਹਾਂ ਨੇ ਜ਼ਰੂਰੀ ਵਸਤਾਂ, ਅਸੈਂਸ਼ੀਅਲ ਸਰਵਿਸਿਜ਼, ਜਿਵੇਂ ਕਿ ਟਰੱਕਰਜ਼ ਤੇ ਹਾਸਪਿਟਲ ਸਟਾਫ, ਦੇਣ ਲਈ ਸਰਹੱਦ ਪਾਰ ਕਰਨੀ ਹੁੰਦੀ ਹੈ।

ਇਨ੍ਹਾਂ ਪਾਬੰਦੀਆਂ ਦੀ ਅਹਿਮੀਅਤ ਇਸ ਲਈ ਵੀ ਕਾਫੀ ਜ਼ਿਆਦਾ ਹੈ ਕਿਉਂਕਿ ਅਮਰੀਕਾ ਵਿੱਚ ਕਰੋ-ਨਾਵਾਇਰਸ ਕਾਰਨ 100,000 ਲੋਕ ਹਸਪਤਾਲ ਦਾਖਲ ਹਨ, ਵਾਇਰਸ ਨੂੰ ਖ਼ਤਮ ਕਰਨ ਲਈ ਅਜੇ ਤੱਕ ਵੈਕਸੀਨ ਸ਼ੁਰੂ ਨਹੀਂ ਕੀਤੀ ਗਈ। ਪਿੱਛੇ ਜਿਹੇ ਅਮਰੀਕਾ ਦੇ ਉੱਘੇ ਹੈਲਥ ਮਾਹਿਰ ਡਾ. ਐਂਥਨੀ ਫਾਓਚੀ ਨੇ ਇਹ ਸਵੀਕਾਰ ਕੀਤਾ ਸੀ ਕਿ ਅਮੈਰੀਕਨ ਥੈਂਕਸਗਿਵਿੰਗ ਤੇ ਲੋੜੋਂ ਵੱਧ ਟਰੈਵਲ ਕਰਨ ਕਾਰਨ ਅਮਰੀਕਾ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਇਆ ਹੈ। ਇਸ ਦੌਰਾਨ ਟਰੂਡੋ ਨੇ ਆਖਿਆ ਕਿ ਫੈਡਰਲ ਸਰਕਾਰ ਨੇ ਪਰਿਵਾਰਕ ਮੈਂਬਰਾਂ ਨੂੰ ਇੱਕਜੁੱਟ ਕਰਨ ਲਈ ਕੁੱਝ ਹੱਦ ਤੱਕ ਛੋਟ ਦਿੱਤੀ ਹੈ।

# ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਦੀ ਮੌਤ, ਮਹਿਲਾ ਜ਼ਖ਼ਮੀ



ਓਨਟਾਰੀਓ, 1 ਦਸੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਸ਼ਹਿਰ ਦੇ ਉੱਤਰੀ ਸਿਰੇ ਉੱਤੇ ਦਿਨ ਦਿਹਾੜੇ ਗੋਲੀ ਮਾਰ ਦਿੱਤੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਸ਼ੂਟਿੰਗ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਦੁਪਹਿਰੇ 3:30 ਵਜੇ ਡਫਰਿਨ ਸਟਰੀਟ ਤੇ ਲਾਰੈਂਸ ਐਵਨਿਊ ਪਹੁੰਚੀ। ਪੁਰਸ਼ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਮਹਿਲਾ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਦੋਂ ਗੋਲੀ ਚੱਲੀ ਤਾਂ ਉਸ ਸਮੇਂ ਮਹਿਲਾ ਤੇ ਪੁਰਸ਼ ਦੋਵੇਂ ਗੱਡੀ ਵਿੱਚ ਬੈਠੇ ਸਨ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਗੱਡੀ ਖੜ੍ਹੀ ਸੀ ਜਾਂ ਚੱਲ ਰਹੀ ਸੀ।

ਪੁਲਿਸ ਅਧਿਕਾਰੀ ਇੱਕ ਮਸ਼ਕੂਕ ਦੀ ਭਾਲ ਕਰ ਰਹੇ ਹਨ ਜਿਸ ਨੇ ਗ੍ਰੇਅ ਰੰਗ ਦਾ ਹੁੱਡ ਵਾਲਾ ਸਵੈੱਟ ਸੂਟ ਪਾਇਆ ਹੋਇਆ ਸੀ ਤੇ ਉਸ ਨੂੰ ਗ੍ਰੇਅ ਰੰਗ ਦੀ ਹੈਚਬੈਕ ਵਿੱਚ ਉਸ ਇਲਾਕੇ ਤੋਂ ਜਾਂਦਿਆਂ ਵੇਖਿਆ ਗਿਆ। ਹੋਮੀਸਾਈਡ ਇਨਵੈਸਟੀਗੇਟਰ ਵੀ ਮਾਮਲੇ ਦੀ ਜਾਂਚ ਕਰ ਰਹੇ ਹਨ।

# ਕਾਂਗਰਸ ਵਿੱਚ ਗਏ ਵਿਧਾਇਕ ਸੰਦੋਆ ਦੀ ਆਮ ਆਦਮੀ ਪਾਰਟੀ ਵਿੱਚ ਵਾਪਸੀ

## * ਪਾਰਟੀ ਦੇ ਕਈ ਲੋਕਾਂ ਵੱਲੋਂ ਸੰਦੋਆ ਦੀ ਵਾਪਸੀ ਦਾ ਵਿਰੋਧ



ਰੋਪੜ, 1 ਦਸੰਬਰ, (ਪੋਸਟ ਬਿਊਰੋ)- ਰੋਪੜ ਵਿਧਾਨ ਸਭਾ ਹਲਕੇਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਅੱਜ ਫਿਰ ਆਮ ਆਦਮੀ ਪਾਰਟੀ ਵਿੱਚ ਵਾਪਸ ਆਉਣ ਦਾ ਅਚਾਨਕ ਐਲਾਨ ਕੀਤਾ ਤੇ ਇਹ ਕਿਹਾ ਹੈ ਕਿ 'ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਵਿਚ ਜਾਣਾ ਮੇਰੀ ਵੱਡੀ ਭੁੱਲ ਸੀ, ਗ਼ਲਤੀ ਦਾ ਅਹਿਸਾਸ ਹੋਣ ਤੋਂ ਬਾਅਦਮੈਂ ਆਮ ਆਦਮੀ ਪਾਰਟੀ ਵਿਚ ਦੋਬਾਰਾ ਵਾਪਸ ਆ ਰਿਹਾ ਹਾਂ।'

ਇਸ ਮੌਕੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਐਲਾਨ ਕੀਤਾ ਕਿ 'ਮੈਨੂੰ ਨਾ ਟਿਕਟ ਚਾਹੀਦੀ ਹੈ ਤੇ ਨਾ ਕੋਈ ਅਹੁਦਾ, ਮੈਂ ਪਾਰਟੀ ਵਿਚ ਆਮ ਵਾਲੰਟੀਅਰ ਬਣ ਕੇ ਪਾਰਟੀ ਅਤੇ ਲੋਕਾਂ ਦੀ ਸੇਵਾ ਕਰਾਂਗਾ।' ਉਸ ਨੇ ਕਿਹਾ ਕਿ ਕਿਸਾਨਾਂ ਵੱਲੋਂਇਸ ਸਮੇਂ ਆਪਣੀ ਹੋਂਦ ਬਚਾਉਣ ਲਈ ਲੜੇ ਜਾ ਰਹੇ ਸੰਘਰਸ਼ ਮੌਕੇ ਪੰਜਾਬ ਦੀ ਕੈਪਟਨ ਸਰਕਾਰ, ਹਰਿਆਣਾ ਦੀ ਖੱਟਰ ਸਰਕਾਰਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਜਿੱਥੇ ਕਿਸਾਨਾਂ ਨੂੰ ਦਰੜਨ ਲੱਗੀਆਂ ਹੋਈਆਂ ਹਨ, ਓਥੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਦੀਨੇ ਕਿਸਾਨਾਂ ਨਾਲ ਖੜੋ ਕੇ ਕਿਸਾਨ ਪੱਖੀ ਫ਼ੈਸਲੇ ਲਏ ਹਨ, ਜਿਨ੍ਹਾਂ ਤੋਂ ਉਹ ਪ੍ਰਭਾਵਤ ਹੋਏ ਅਤੇ ਅਰਵਿੰਦ ਕੇਜਰੀਵਾਲ ਤੋਂ ਪ੍ਰਭਾਵਿਤ ਹੋ ਕੇ ਵਾਪਸ ਪਾਰਟੀ ਵਿਚ ਆਏ ਹਨ।

ਵਰਨਣ ਯੋਗ ਹੈ ਕਿ ਵਿਧਾਇਕ ਅਮਰਜੀਤ ਸਿੰਘ ਸੰਦੋਆ ਪਿਛਲੇ ਦਿਨਾਂ ਵਿਚ ਕਿਸਾਨ ਸੰਘਰਸ਼ਦੇ ਲਈ ਦਿੱਲੀ ਗਏ ਸਨ ਅਤੇ ਓਥੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਨੇ ਉਨ੍ਹਾਂ ਨੂੰ ਮੁੜ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਲਈ ਮਨਾ ਲਿਆ ਹੈ।

ਅਮਰਜੀਤ ਸਿੰਘ ਸੰਦੋਆ ਵਲੋਂ ਆਮ ਆਦਮੀ ਪਾਰਟੀ ਵਿੱਚ-ਦੋਬਾਰਾ ਸ਼ਾਮਲ ਹੋਣ ਦੇ ਫੈਸਲੇ ਨਾਲ ਇਸ ਪਾਰਟੀ ਦੇ ਸਥਾਨਕ ਆਪ ਆਗੂ ਹੈਰਾਨ ਹਨ। ਜਦੋਂ ਸੰਦੋਆ ਪਾਰਟੀ ਛੱਡ ਕੇ ਕਾਂਗਰਸ ਵਿੱਚਸ਼ਾਮਲ ਹੋਏ ਤਾਂ ਸਥਾਨਕ ਆਗੂ ਅਤੇ ਵਲੰਟੀਅਰ ਓਦੋਂਰੋਪੜ ਤੋਂ ਸੰਦੋਆ ਦੀ ਅਰਥੀ ਬਣਾ ਕੇ ਅਮਰਜੀਤ ਸਿੰਘ ਸੰਦੋਆ ਦੇ ਪਿੰਡ ਸੰਦੋਆ ਨੂਰਪੁਰ ਬੇਦੀ ਤੱਕ ਗਏ ਸਨ ਤੇ ਓਥੇ ਜਾ ਕੇ ਅਰਥੀ ਭੇਟ ਕੀਤੀ ਸੀ। ਉਨ੍ਹਾਂ ਨੇ ਸੰਦੋਆ ਨੂੰ ਹਲਕੇ ਦੇ ਵੋਟਰਾਂ ਨਾਲ ਧੋਖਾ ਕਰਨ ਵਾਲਾਕਿਹਾ ਸੀ।ਪਿਛਲੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਸੰਦੋਆ ਨੇ ਰੋਪੜ ਤੋਂਸਾਬਕਾ ਸਿੱਖਿਆ ਮੰਤਰੀ ਤੇ ਅਕਾਲੀ ਉਮੀਦਵਾਰਡਾ: ਦਲਜੀਤ ਸਿੰਘ ਚੀਮਾ ਨੂੰ 33 ਹਜ਼ਾਰ ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਸੀ ਤੇ ਡਾ: ਚੀਮਾ ਕਾਂ-ਗਰਸ ਉਮੀਦਵਾਰ ਬਰਿੰਦਰ ਸਿੰਘ ਢਿੱਲੋਂ ਤੋਂ ਵੀ ਪਿੱਛੇ ਤੀਜੇ ਥਾਂ ਆਏ ਸਨ। ਅੱਜ ਅਚਾਨਕ ਅਮਰਜੀਤ ਸਿੰਘ ਸੰਦੋਆ ਵਲੋਂ ਕਿਸਾਨ ਸੰਘਰਸ਼ ਮੌਕੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂਹਾਅ ਦਾ ਨਾਅਰਾ ਮਾਰਨ ਅਤੇ ਕਿਸਾਨਾਂ ਦੀ ਗ੍ਰਿਫਤਾਰੀ ਲਈ ਦਿੱਲੀ ਸਰਕਾਰ ਵਲੋਂ ਕੋਈ ਸਟੇਡੀਅਮ ਨਾ ਦੇਣ ਦੇ ਫੈਸਲੇ ਪਿੱਛੋਂ ਵਿਧਾਇਕ ਸੰਦੋਆ ਨੇ ਫਿਰ ਆਮ ਆਦਮੀ ਪਾਰਟੀ ਦਾ ਝੰਡਾ ਚੁੱਕ ਲਿਆ ਹੈ। ਰੋਪੜ ਤੋਂਇਸ ਪਾਰਟੀ ਦੇ ਆਗੂ ਅਤੇ ਜ਼ਿਲ੍ਹਾ ਮੀਡੀਆ ਇੰਚਾਰਜ ਰਣਜੀਤ ਸਿੰਘ ਪੜਿਆਲਾ ਨੇ ਸੰਦੋਆ ਦੇਪਾਰਟੀ ਵਿਚ ਮੁੜਨ ਉੱਤੇ ਕਿਹਾ ਕਿ ਉਸ ਨੇ ਰੋਪੜ ਹਲਕੇ ਦੇ ਲੋਕਾਂ ਨਾਲ ਦਗਾ ਕੀਤਾ ਹੈ, ਉਸ ਨੂੰ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਾ ਕੇ ਨੱਕ ਰਗੜਨਾ ਚਾਹੀਦਾ ਤੇ ਰੋਪੜ ਹਲਕੇ ਦੀ ਜਨਤਾ ਨਾਲ ਕੀਤੇ ਧੋਖੇ ਲਈ ਮਾਫੀ ਮੰਗਣੀ ਚਾਹੀਦੀ ਹੈ।

# ਮਿਸੀਸਾਗਾ ਵਿੱਚ 1100 ਪਾਰਟ ਟਾਈਮ ਸਿਟੀ ਮੁਲਾਜ਼ਮਾਂ ਦੀ ਕੀਤੀ ਜਾਵੇਗੀ ਛਾਂਗੀ



ਮਿਸੀਸਾਗਾ, 1 ਦਸੰਬਰ (ਪੋਸਟ ਬਿਊਰੋ) : ਸਿਟੀ ਆਫ ਮਿਸੀਸਾਗਾ ਵੱਲੋਂ ਪਾਰਟ ਟਾਈਮ ਕੰਮ ਕਰ ਰਹੇ 1100 ਕਰਮਚਾਰੀਆਂ ਦੀ ਆਰਜ਼ੀ ਤੌਰ ਉੱਤੇ ਛੁੱਟੀ ਕੀਤੀ ਜਾ ਰਹੀ ਹੈ। ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਵੱਲੋਂ ਮੰਗਲਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ।

ਇੱਥੋਂ ਦੇ ਕਮਿਊਨਿਟੀ ਸੈਂਟਰਜ਼, ਅਰੇਨਾਜ਼, ਮਿਊਜ਼ੀਅਮਜ਼, ਲਿਵਿੰਗ ਆਰਟਸ ਸੈਂਟਰ ਤੇ ਮੀਡੋਅਵੇਲ ਥਿਏਟਰ ਵਿੱਚ ਕੰਮ ਕਰਨ ਵਾਲੇ ਵੱਖ ਵੱਖ ਕਰਮਚਾਰੀਆਂ ਨੂੰ ਇਸ ਲਈ ਵੀ ਕੱਢਿਆ ਜਾ ਰਿਹਾ ਹੈ ਕਿਉਂਕਿ ਇਹ ਸਾਰੀਆਂ ਥਾਂਵਾਂ ਪੀਲ ਰੀਜਨ ਵਿੱਚ ਲਾਏ ਗਏ ਲਾਕਡਾਊਨ ਕਾਰਨ ਬੰਦ ਪਈਆਂ ਹਨ। ਮੇਅਰ ਕ੍ਰੌਂਬੀ ਨੇ ਆਖਿਆ ਕਿ ਇਹ ਫੈਸਲਾ ਬਹੁਤ ਮੁਸ਼ਕਲ ਸੀ। ਉਨ੍ਹਾਂ ਆਖਿਆ ਕਿ ਦੂਜੇ ਲਾਕਡਾਊਨ ਕਾਰਨ ਸਿਟੀ ਨੂੰ ਵਿੱਤੀ ਦਬਾਅ ਵੀ ਝੱਲਣਾ ਪੈ ਰਿਹਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਅਜਿਹੇ ਫੈਸਲੇ ਨਹੀਂ ਲੈਣੇ ਚਾਹੁੰਦੇ। ਪਰ ਸਥਿਤੀ ਨੂੰ ਨਿਯੰਤਰਿਤ ਕਰਨ ਲਈ ਕਈ ਅਹਿਮ ਫੈਸਲੇ ਲੈਣੇ ਪੈਂਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਮਤਲਬ ਤੋਂ ਬਾਹਰ ਨਾ ਨਿਕਲਣ, ਇੱਕ ਦੂਜੇ ਨਾਲ ਵਿਅਕਤੀਗਤ ਸੰਪਰਕ ਨਾ ਬਣਾਉਣ ਤੇ ਆਪੋ ਆਪਣੇ ਘਰਾਂ ਵਿੱਚ ਹੀ ਰਹਿਣ ਦੀ ਕੋਸ਼ਿਸ਼ ਕਰਨ। ਬਹੁਤੇ ਇੰਪਲੌਈਜ਼ ਨੂੰ ਕੈਨੇਡਾ ਰਿਕਵਰੀ ਬੈਨੇਫਿਟ (ਸੀ ਆਰ ਬੀ) ਰਾਹੀਂ ਬੈਨੇਫਿਟਸ ਹਾਸਲ ਹੋਣ ਦੀ ਉਮੀਦ ਹੈ।

ਚੀਫ ਐਡਮਨਿਸਟ੍ਰੇਟਿਵ ਆਫੀਸਰ ਪਾਲ ਮਿਚੈਮ ਨੇ ਆਖਿਆ ਕਿ ਆਪਣੇ ਪਾਰਟ ਟਾਈਮ ਸਟਾਫ ਦੀ ਇਸ ਤਰ੍ਹਾਂ ਛਾਂਗੀ ਕੀਤਾ ਜਾਣਾ ਕਾਫੀ ਮੁਸ਼ਕਲ ਫੈਸਲਾ ਹੈ। ਉਨ੍ਹਾਂ ਆਖਿਆ ਕਿ ਕਈ ਪ੍ਰੋਗਰਾਮ ਰੱਦ ਹੋਣ, ਫੈਸਿਲਿਟੀਜ਼ ਬੰਦ ਹੋਣ ਤੇ ਕੰਮ ਦੀ ਘਾਟ ਕਾਰਨ ਇਨ੍ਹਾਂ ਮੁਲਾਜ਼ਮਾਂ ਦੀ ਛਾਂਗੀ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਸਮਝ ਸਕਦੇ ਹਾਂ ਕਿ ਹੁਣ ਜਦੋਂ ਛੁੱਟੀਆਂ ਦਾ ਸੀਜ਼ਨ ਐਨਾ ਨੇੜੇ ਹੈ ਉਸ ਸਮੇਂ ਅਜਿਹੇ ਫੈਸਲੇ ਨਾਲ ਮੁਲਾਜ਼ਮਾਂ ਵਿੱਚ ਤਣਾਅ ਤੇ ਪਰੇਸ਼ਾਨੀ ਵੱਧ ਸਕਦੀ ਹੈ। ਪਰ ਸਾਰਿਆਂ ਦੀ ਸਿਹਤ ਤੇ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੀ ਇਹ ਫੈਸਲਾ ਲਿਆ ਗਿਆ ਹੈ। ਇਹ ਛਾਂਗੀਆਂ 7 ਦਸੰਬਰ ਤੋਂ ਪ੍ਰਭਾਵੀ ਹੋਣਗੀਆਂ।

# ਬਾਇਡੇਨ ਵੱਲੋਂ ਨੀਰਾ ਟੰਡਨ ਦੀ ਨਿਯੁਕਤੀ ਕਾਰਨ ਰਿਪਬਲਿਕਨ ਸੈਨੇਟਰ ਨਾਰਾਜ਼

ਵਾਸ਼ਿੰਗਟਨ, 1 ਦਸੰਬਰ, (ਪੋਸਟ ਬਿਊਰੋ)- ਰਿਪਬਲਿਕਨ ਪਾਰਟੀ ਦੇ ਸੈਨੇਟਰਾਂ ਨੇ ਭਾਰਤੀ ਮੂਲ ਦੀ ਅਮਰੀਕੀ ਔਰਤ ਨੀਰਾ ਟੰਡਨ ਨੂੰ ਮੈਨੇਜਮੈਂਟਤੇ ਬੱਜਟ ਆਫਿਸ (ਓ ਐੱਮਬੀ) ਵਿਚ ਡਾਇਰੈਕਟਰ ਨਾਮਜ਼ਦ ਕਰਨ ਦਾ ਵਿਰੋਧ ਕੀਤਾ ਹੈ। ਨੀਰਾ ਟੰਡਨ ਉੱਤੇ ਰਿਪ-ਬਲਿਕਨ ਪਾਰਟੀ ਦੇ ਕਈ ਮੈਂਬਰਾਂ ਬਾਰੇ ਅਪਮਾਨਜਨਕ ਟਿੱਪਣੀ ਕਰਨ ਦਾ ਦੋਸ਼ ਹੈ। ਓ ਐੱਮਬੀ ਦਾ ਕੰਮ ਬੱਜਟ, ਮੈਨੇਜਮੈਂਟ ਤੇ ਰੈਗੂਲੇਟਰੀ ਉਦੇਸ਼ਾਂ ਦੀ ਪੂਰਤੀ ਲਈ ਰਾਸ਼ਟਰਪਤੀ ਦੀ ਮਦਦ ਕਰਨਾ ਹੈ। ਜੇਸੈਨੇਟ ਵੱਲੋਂ ਨੀਰਾ ਟੰਡਨ ਦੀ ਨਾਮਜ਼ਦਗੀ ਦੀ ਪੁਸ਼ਟੀ ਹੋ ਗਈ ਤਾਂ ਉਹ ਇਸ ਅਹੁਦੇ ਉੱਤੇ ਪੁੱਜਣ ਵਾਲੀ ਭਾਰਤੀ ਮੂਲ ਦੀ ਪਹਿਲੀ ਅਮਰੀਕੀ ਔਰਤ ਹੋਵੇਗੀ, ਪਰ ਉਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ।

ਅਮਰੀਕੀ ਸੈਨੇਟ ਵਿਚ ਇੰਡੀਆ ਕਾਕਸ ਦੇ ਕੋ-ਚੇਅਰਮੈਨ ਜੋਹਨ ਕਾਰਨਿਨ ਨੇ ਕਿਹਾ ਕਿ ਜੋਅ ਬਾਇਡਨ ਨੇ ਅਜੇ ਤੱਕ ਸਰਕਾਰ ਵਿਚ ਜਿਹੜੇ ਲੋਕ ਨਿਯੁਕਤ ਕੀਤੇ ਹਨ, ਉਨ੍ਹਾਂ ਵਿਚ ਨੀਰਾ ਦੀ ਚੋਣ ਸਭ ਤੋਂ ਖ਼ਰਾਬ ਹੈ। ਇਸ ਤੋਂ ਪਹਿਲਾਂਨੀਰਾ ਨੇ ਸੈਨੇਟ ਮੈਂਬਰਾਂ ਦੇ ਬਾਰੇ ਜਿੰਦਾਂ ਦੇ ਟਵੀਟ ਕੀਤੇ ਹਨ, ਉਸ ਨਾਲ ਉਨ੍ਹਾਂ ਦੀ ਨਾਮਜ਼ਦਗੀ ਵਿਚ ਔਖ ਹੋ ਸਕਦੀ ਹੈ। ਕਾਰਨਿਨ ਨੇ ਮੀਡੀਆ ਨੂੰ ਕਿਹਾ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਨੀਰਾ ਨੇ ਰਿਪਬਲਿਕਨ ਦੇ ਬਾਰੇ ਆਪਣੇ ਕਈ ਟਵੀਟ ਡਿਲੀਟ ਕੀਤੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਲੋਕ ਇਨ੍ਹਾਂ ਨੂੰ ਦੇਖ ਨਹੀਂ ਸਕਣਗੇ। ਕਾਰਨਿਨ ਨੇ ਕਿਹਾ ਕਿ ਮੈਂ ਹੈਰਾਨ ਹਾਂ ਕਿ ਬਾਇਡਨ ਨੇ ਨੀਰਾ ਟੰਡਨ ਦਾ ਨਾਂ ਤੈਅ ਕਰਦੇ ਸਮੇਂ ਕਿਸੇ ਰਿਪ-ਬਲਿਕਨ ਨਾਲ ਕੋਈ ਸਲਾਹਨਹੀਂ ਕੀਤੀ, ਜਦ ਕਿ ਨੀਰਾ ਦੀ ਨਿਯੁਕਤੀ ਲਈ ਸੈਨੇਟ ਦੀ ਮਨਜ਼ੂਰੀ ਜ਼ਰੂਰੀ ਹੈ। ਇੱਕ ਸੌ ਮੈਂਬਰੀ ਅਮਰੀਕੀ ਸੈਨੇਟਵਿਚ ਰਿਪਬਲਿਕਨ ਪਾਰਟੀ ਦੇ 50 ਮੈਂਬਰ ਤੇ ਜੋਅ ਬਾਇਡੇਨ ਦੀ ਡੈਮੋਕ੍ਰੇਟਿਕ ਪਾਰਟੀ ਦੇ 48 ਮੈਂਬਰ ਹਨ। ਜਾਰਜੀਆ ਦੀਆਂ ਦੋ ਸੈਨੇਟ ਸੀਟਾਂ ਲਈ ਚੋਣ ਪੰਜ ਜਨਵਰੀ ਨੂੰ ਹੈ। ਨੀਰਾ ਟੰਡਨ ਰਿਪਬਲਿਕਨ ਪਾਰਟੀ ਦੀ ਜਿੰਨੀ ਆਲੋਚਕ ਹੈ, ਉਸ ਦਾ ਏਥੋਂ ਪਤਾ ਲੱਗਦਾ ਹੈ ਕਿ ਇਕ ਟਵੀਟ ਵਿਚ ਉਨ੍ਹਾਂ ਨੇ ਸੈਨੇਟ ਵਿਚ ਬਹੁਮਤ ਪਾਰਟੀ ਦੇ ਨੇਤਾ ਮਿਕ ਮੈਕਕੋਨੇਲ ਨੂੰ 'ਮਾਸਕੋ ਮਿਕ' ਕਿਹਾ ਸੀ। ਇਸ ਦੌਰਾਨ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋ ਬਾਇਡਨ ਦੀ ਟੀਮ ਵਿੱਚ ਇਕ ਹੋਰ ਭਾਰਤੀ ਦਾ ਨਾਂ ਜੁੜ ਗਿਆ ਹੈ। ਬਾਇਡਨ ਤੇ ਅਮਰੀਕਾ ਦੀ ਨਵੀਂ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਭਾਰਤੀ ਅਮਰੀਕੀ ਮਾਜੂ ਵਰਗੀਜ਼ ਨੂੰ ਸਹੁੰ ਚੁੱਕ ਸਮਾਗਮਦੇ ਪ੍ਰੋਗਰਾਮਾਂਦਾ ਕਾਰਜਕਾਰੀ ਡਾਇਰੈਕਟਰ ਨਿਯੁਕਤ ਕੀਤਾ ਹੈ। ਭਾਰਤੀ-ਅਮਰੀਕੀ ਮਾਜੂ ਵਰਗੀਜ਼ ਪੰਜਵੇਂ ਭਾਰਤੀ ਹਨ, ਜਿਨ੍ਹਾਂ ਨੂੰ ਬਾਇਡਨ ਅਤੇ ਕਮਲਾ ਹੈਰਿਸ ਨੇ ਪ੍ਰਮੁੱਖ ਜ਼ਿੰਮੇਵਾਰੀ ਸੌਂਪੀ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਬਾਇਡਨ ਨੇ ਨੀਰਾ ਟੰਡਨ ਨੂੰ ਦਫ਼ਤਰੀ ਮੈਨੇਜਮੈਂਟ ਤੇ ਬਜਟ ਦੇ ਡਾਇਰੈਕਟਰ ਵਜੋਂ ਨਿਯੁਕਤੀ ਦਾ ਐਲਾਨ ਕੀਤਾ ਸੀ। ਵਰਗੀਜ਼ ਦੀ ਬਾਇਡਨ ਦੇ ਚੋਣ ਕੈਂਪੇਨ ਵਿੱਚਅਹਿਮਸੀ। ਚੋਣਾਂ ਵੇਲੇ ਉਹ ਬਾਇਡਨ ਦੇ ਸੀਨੀਅਰ ਸਲਾਹਕਾਰ ਰਹੇ ਅਤੇ ਕੈਂਪੇਨ ਵਿੱਚ ਉਨ੍ਹਾਂ ਦੇਸ਼ਵਿਆਪੀ ਪੱਧਰ ਉੱਤੇ ਕਈ ਮਿਲੀਅਨ ਡਾਲਰ ਦਾ ਸਾਮਾਨ ਸਪਲਾਈ ਕੀਤਾ ਸੀ।

# ਪੰਜਾਬ ਦੇ ਸਾਬਕਾ ਮੰਤਰੀ ਤੇ ਭਾਜਪਾ ਆਗੂ ਸੱਤਪਾਲ ਗੋਸਾਈਂ ਦਾ ਦੇਹਾਂਤ



ਲੁਧਿਆਣਾ, 1 ਦਸੰਬਰ, (ਪੋਸਟ ਬਿਊਰੋ)- ਲੁਧਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸੱਤਪਾਲ ਗੋਸਾਈਂ (85) ਦਾ ਅੱਜ ਬਿਮਾਰੀ ਕਾਰਨਦੇਹਾਂਤ ਹੋ ਗਿਆ।

ਇਸ ਬਾਰੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਗਲ ਨੇ ਦੱਸਿਆ ਕਿ ਸਵੇਰੇ ਗੁਸਾਈਂ ਨੂੰ ਸਾਹ ਦੀ ਤਕਲੀਫ਼ ਤੋਂ ਬਾਅਦ ਪਰਿਵਾਰ ਨੇ ਸੀਐਮਸੀ ਹਸਪਤਾਲ ਵਿਖੇ ਦਾਖਲ ਕਰਵਾਇਆ ਸੀ, ਜਿੱਥੇ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਸਿੰਗਲ ਨੇ ਦੱਸਿਆ ਕਿ ਸੱਤਪਾਲ ਗੁਸਾਈਂ ਨੇ ਇੱਕ ਵਾਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ, ਇੱਕ ਵਾਰ ਕੌਂਸਲਰ ਅਤੇ ਤਿੰਨ ਵਾਰ ਵਿਧਾਇਕ ਬਣ ਕੇ ਲੁਧਿਆਣਾ ਅਤੇ ਪੰਜਾਬ ਦੀ ਸੇਵਾ ਕੀਤੀ ਸੀ। ਉਨ੍ਹਾਂ ਦੱਸਿਆ ਕਿ ਗੁਸਾਈਂ ਦੋ ਵਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਤੇ ਇੱਕ ਵਾਰ ਸਿਹਤ ਮੰਤਰੀ ਬਣੇ ਸਨ ਅਤੇ ਸਿਹਤ ਮੰਤਰੀ ਰਹਿੰਦੇ ਹੋਏ ਸਤਪਾਲ ਗੁਸਾਈਂ ਨੇ ਪੰਜਾਬ ਦੇ ਸਿਵਲ ਹਸਪਤਾਲਾਂ ਦਾ ਨਵੀਨੀਕਰਨ ਕਰਨ ਲਈ 23 ਇਤਿਹਾਸਕ ਫ਼ੈਸਲੇ ਲਏ, ਜਿਨ੍ਹਾਂ ਦਾ ਅੱਜ ਪੰਜਾਬ ਵਾਸੀਆਂ ਨੂੰ ਸਿਹਤ ਸੁਵਿਧਾਵਾਂ ਲਈ ਵੱਡਾ ਫਾਇਦਾ ਹੋ ਰਿਹਾ ਹੈ।

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"




Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.



Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.




Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.



Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.



MISSISSAUGA $299,000
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.
Mississauga $749,000



7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.
Blandford $349,000
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.
Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.
Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.
Brampton $749,000



Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.
Barrie $769,000



Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.
Oshawa $659,000
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...
Brampton $789,000



124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.
Toronto $959,500



Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.
New Tecumseth $978,888



King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.
Mississauga $715,000



Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.
*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family



MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਅੱਜ ਨਾਮਾ

ਸੱਦਿਆ ਜਦੋਂ ਸਰਕਾਰ ਨੇ ਵਾਰਤਾ ਲਈ,
ਕਈਆਂ ਲੋਕਾਂ ਨੇ ਲਾਈ ਸੀ ਆਸ ਮੀਆਂ।
ਜਿੰਦਾਂ ਕਾਹਲੀ ਦੇ ਵਿੱਚ ਬੁਲਾਈ ਬੈਠਕ,
ਇਰਾਦਾ ਜਾਪਦਾ ਸਾਫ ਸੀ ਖਾਸ ਮੀਆਂ।
ਚੱਲ ਕੇ ਗਏ ਕਿਰਸਾਨ ਤਾਂ ਪਰਤ ਆਏ,
ਕੀਤੀ ਆਸ ਨਾ ਆਈ ਆ ਰਾਸ ਮੀਆਂ।
ਪਹੁੰਚੇ ਮੰਤਰੀ ਜਿਹੜੇ ਸਰਕਾਰ ਤਰਫੋਂ,
ਵੱਡੇ ਸਾਹਬ ਦੇ ਸਿਰਫ ਨੇ ਦਾਸ ਮੀਆਂ।
ਪੱਲੇ ਜਿਨ੍ਹਾਂਵਜ਼ੀਰਾਂ ਦੇ ਆਪ ਕੁਝ ਨਹੀਂ,
ਵੇਲਾ ਟਾਲਣ ਨੂੰ ਗਏ ਭਿਜਵਾਏ ਮੀਆਂ।
ਰਾਜਨਾਥ ਜਾਂ ਅਮਿਤ ਸ਼ਾਹ ਸੱਦ ਬੈਠਕ,
ਬੈਠਕਕਰਨ ਨੂੰ ਆਪਨਾ ਆਏ ਮੀਆਂ।

ਤੀਸ ਮਾਰ ਖਾਂ

### ਕਾਂਗਰਸੀ ਐਮ ਪੀ ਬਿੱਟੂ ਦਾ ਦਾਅਵਾ:

# ਕਿਸਾਨ ਪ੍ਰਦਰਸ਼ਨ ਵਿੱਚ ਖਾਲਿਸਤਾਨੀ ਅੰਦੋਲਨ ਦੇ ਲੋਕ ਵੀ ਸ਼ਾਮਲ



ਲੁਧਿਆਣਾ, 1 ਦਸੰਬਰ, (ਪੋਸਟ ਬਿਊਰੋ)- ਲੋਕ ਸਭਾ ਹਲਕਾ ਲੁਧਿਆਣਾ ਤੋਂਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਸਾਨਾਂ ਦੇ ਪ੍ਰਦਰਸ਼ਨ ਵਿਚ ਖਾਲਿਸਤਾਨ ਸੰਘਰਸ਼ ਨਾਲ ਜੁੜੇ ਕੁਝ ਵਿਰੋਧੀ ਅਨਸਰਾਂ ਦੇ ਸ਼ਾਮਿਲ ਹੋਣ ਦਾ ਦੋਸ਼ ਲਾਇਆ ਤੇ ਕਿਹਾ ਕਿ ਇਸ ਵਿੱਚ ਖਾਲਿਸਤਾਨ ਲਹਿਰ ਵਾਲੇ ਕੁਝ ਲੋਕ ਵੀ ਸ਼ਾਮਲ ਹਨ।

ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਜਿਹੜੇ ਲੋਕ ਹੋਰ ਕਿਸੇ ਵੀ ਪ੍ਰਦਰਸ਼ਨ ਵਿੱਚ ਅਸਫਲ ਰਹੇ ਹਨ, ਭਾਵੇਂ ਇਹ ਯੂਨੀਵਰਸਿਟੀ ਦਾ ਹੋਵੇ ਜਾਂ ਕੋਈ ਹੋਰ ਪ੍ਰਦਰਸ਼ਨ, ਉਹ ਅੱਜ ਕਿਸਾਨ ਸੰਘਰਸ਼ ਦਾ ਲਾਭ ਲੈਣਾ ਚਾਹੁੰਦੇ ਹਨ।ਬਿੱਟੂ ਨੇ ਕਿਹਾ ਕਿ ਮੀਡੀਆ ਕਵਰੇਜ਼ ਲਈ ਗਈਆਂ ਲੜਕੀਆਂ ਨਾਲ ਬਦਸਲੂਕੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਿਵੇਂ ਦਾ ਪੰਜਾਬ ਹੈ, ਪੰਜਾਬੀ ਲੋਕ ਤੇ ਪੰਜਾਬ ਦੇ ਕਿਸਾਨ ਏਦਾਂਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ 'ਠੋਕ ਦਿਆਂਗੇ ਵਰਗੀ ਭਾਸ਼ਾ ਪੰਜਾਬ ਦੀ ਨਹੀਂ, ਇਹ ਸਮਾਜ ਵਿਰੋਧੀ ਹੈ।' ਉਨ੍ਹਾਂ ਕਿਹਾ ਕਿ ਕੋਈ ਕਿਸਾਨ ਇਹ ਕਦੇ ਨਹੀਂ ਕਹਿ ਸਕਦਾ ਕਿ ਉਹ ਪ੍ਰਧਾਨ ਮੰਤਰੀ ਨੂੰ ਮਾਰ ਦੇਵੇਗਾ ਜਾਂ ਕਿਸੇ ਨੂੰ ਮਾਰ ਦੇਵੇਗਾ? ਬਿੱਟੂ ਨੇ ਕਿਹਾ ਕਿ ਮੈਂ ਕਤਲੇਆਮ ਅਤੇ ਬਲਾਤਕਾਰ ਦੇ ਕੇਸ ਵਿਚ ਸ਼ਾਮਲ ਲੋਕਾਂ ਨੂੰ ਦੇਖਿਆ ਹੈ ਕਿ ਉਹ ਰੋਸ ਪ੍ਰਦਰਸ਼ਨ ਵਿਚ ਘੁੰਮ ਰਹੇ ਹਨ।

ਇਸ ਮੌਕੇ ਕਾਂਗਰਸੀ ਪਾਰਲੀਮੈਂਟ ਮੈਂਬਰ ਨੇ ਚੇਤਾਵਨੀ ਦਿੱਤੀ ਕਿ ਸਮਾਜ ਵਿਰੋਧੀ ਅਨਸਰ ਘੁੰਮ ਰਹੇ ਹਨ ਅਤੇ ਉਨ੍ਹਾਂ ਨੂੰ ਡਰ ਹੈ ਕਿ ਇਹ ਲੋਕ ਮਾਹੌਲ ਖਰਾਬ ਕਰ ਸਕਦੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਸ ਨੂੰ ਰੋਕਣਾ ਚਾਹੀਦਾ ਹੈ ਤਾਂ ਕਿ ਇਥੇ ਦੰਗਾ ਅਤੇ ਲੜਾਈ ਨਾ ਹੋਵੇ ਅਤੇ ਪੂਰੇ ਦੇਸ਼ ਨੂੰ ਅੱਗ ਨਾ ਲੱਗੇ। ਉਨ੍ਹਾ ਕਿਹਾ ਕਿ 'ਕਿਸਾਨ ਸ਼ਾਂਤੀ ਨਾਲ ਬੈਠੇ ਸਨ ਅਤੇ ਜਦੋਂ 3 ਮਹੀਨੇ ਸੰਘਰਸ਼ ਪੰਜਾਬ ਵਿੱਚ ਚੱਲਿਆ ਤਾਂ ਕਿਤੇ ਵੀ ਕੁਝ ਨਹੀਂ ਹੋਇਆ। ਪੰਜਾਬ ਸਰਕਾਰ ਨੇ ਯਕੀਨੀ ਕੀਤਾ ਸੀ ਕਿ ਕਿਸਾਨਾਂ ਦਾ ਪ੍ਰਦਰਸ਼ਨ ਸ਼ਾਂਤਮਈ ਰਹੇ। ਹਰ ਥਾਂਪੰਜਤੋਂ 50 ਹਜ਼ਾਰ ਲੋਕ ਟਰੈਕਟਰ ਟਰਾਲੀ ਲੈ ਕੇ ਖੜੇ ਸਨ ਅਤੇ ਇਹ ਆਮ ਕਿਸਾਨ ਹਨ।' ਬਿੱਟੂ ਨੇ ਕਿਹਾ ਕਿ ਕਿਸਾਨ ਆਗੂਆਂ ਨੂੰ ਅੱਗੇ ਆ ਕੇ ਕੰਟਰੋਲ ਕਰਨਾ ਚਾਹੀਦਾ ਹੈ,ਕਿਉਂਕਿ ਬਹੁਤ ਸਾਰੇ ਲੋਕ ਇਸ ਨੂੰ ਅਸਫਲ ਕਰਨਾ ਚਾਹੁੰਦੇ ਹਨ। ਰਵਨੀਤ ਸਿੰਘ ਬਿੱਟੂ ਲੁਧਿਆਣਾ ਤੋਂਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਹਨ ਅਤੇ ਉਹ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਲੁਧਿਆਣਾ ਤੋਂ ਜੇਤੂ ਰਹੇ ਸਨ। ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਾ ਹੈ, ਜਿਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ।

# ਸਰਕਾਰ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਫਿਰ ਬੇਨਤੀਜਾ ਰਹੀ

### *ਸੰਘਰਸ਼ ਜਾਰੀ ਰਹੇਗਾ, 3 ਦਸੰਬਰ ਨੂੰ ਫਿਰ ਗੱਲਬਾਤ ਹੋਵੇਗੀ



ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਦੇ ਆਗੂਆਂ ਦੀ ਅੱਜ ਮੰਗਲਵਾਰ ਸਰਕਾਰ ਨਾਲ ਮੀਟਿੰਗ ਬੇਨਤੀਜਾ ਰਹੀ ਹੈ। ਬੈਠਕਤੋਂ ਬਾਅਦ ਦੋਵਾਂ ਧਿਰਾਂ ਨੇ ਕਿਹਾ ਕਿ ਬੈਠਕ ਸਕਾਰਾਤਮਕ ਹੈ ਅਤੇ 3 ਦਸੰਬਰ ਨੂੰ ਫਿਰ ਗੱਲਬਾਤ ਹੋਵੇਗੀ।

ਅੱਜ ਦੀ ਮੀਟਿੰਗ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ 'ਬੈਠਕ ਚੰਗੀ ਰਹੀ ਤੇ ਅਸੀਂ ਫੈਸਲਾ ਕੀਤਾ ਹੈ ਕਿ 3 ਦਸੰਬਰ ਨੂੰ ਫਿਰ ਗੱਲਬਾਤ ਕਰਾਂਗੇ,ਅਸੀਂ ਚਾਹੁੰਦੇ ਹਾਂ ਕਿ ਕਿਸਾਨ ਗੱਲਬਾਤ ਦੇ ਲਈ ਇੱਕ ਛੋਟਾ ਗਰੁੱਪ ਬਣਾਉਣ ਅਤੇ ਕਿਸਾਨ ਆਗੂ ਕਹਿੰਦੇ ਹਨ ਕਿ ਸਾਰਿਆਂ ਨਾਲ ਗੱਲਬਾਤ ਹੋਣੀ ਚਾਹੀਦੀ ਹੈ। ਸਾਨੂੰ ਇਸ ਤੋਂ ਕੋਈ ਸਮੱਸਿਆ ਨਹੀਂ।' ਤੋਮਰ ਨੇ ਕਿਹਾ ਕਿ ਅਸੀਂ ਕਿਸਾਨ ਸੰਘਰਸ਼ ਖਤਮ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਗੱਲਬਾਤ ਲਈ ਆਉਣ ਨੂੰ ਕਿਹਾ ਹੈ, ਪਰ ਫੈਸਲਾ ਸੰਗਠਨਾਂ ਅਤੇ ਕਿਸਾਨਾਂ ਉੱਤੇ ਨਿਰਭਰ ਕਰੇਗਾ।

ਦੂਸਰੇ ਪਾਸੇ ਕਿਸਾਨ ਆਗੂਆਂ ਦੇ ਵਫ਼ਦ ਦੇ ਇੱਕ ਮੈਂਬਰ ਚੰਦਾ ਸਿੰਘ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਜਾਰੀ ਰਹੇਗਾ ਤੇ ਗੋਲੀ ਹੋਵੇ ਜਾਂ ਸ਼ਾਂਤਮਈ ਹੱਲ ਹੋਵੇ, ਅਸੀਂ ਸਰਕਾਰ ਤੋਂ ਯਕੀਨਨਕੁਝ ਲੈ ਕੇ ਵਾਪਸ ਜਾਵਾਂਗੇ। ਅਸੀਂ ਫਿਰ ਉਨ੍ਹਾਂ ਨਾਲ ਵਿਚਾਰ ਲਈ ਆਵਾਂਗੇ।' ਸਰਕਾਰ ਤੇ ਕਿਸਾਨ ਨੇਤਾਵਾਂ ਦੀ ਬੈਠਕ ਦੇ ਬਾਅਦ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਅਸੀਂ ਵੱਡੀ ਕਮੇਟੀ ਨਾਲ ਗੱਲਬਾਤ ਦੀ ਮੰਗ ਕਰਦੇ ਹਾਂ, ਪਰ ਸਰਕਾਰ ਛੋਟੀ ਕਮੇਟੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ, ਇਸ ਲਈ ਅੱਜ ਮੀਟਿੰਗ ਵਿੱਚ ਫੈਸਲਾ ਨਹੀਂ ਲਿਆ ਗਿਆ।ਕੁਝ ਕਿਸਾਨ ਆਗੂਆਂ ਨੇ ਕਿਹਾ ਮੋਦੀ ਸਰਕਾਰ ਟਾਲਣ ਦੀ ਕੋਸ਼ਿਸ਼ ਕਰਦੀ ਸੀ, ਇਸ ਲਈ ਉਹ ਮੀਟਿੰਗ ਛੱਡ ਕੇ ਆ ਗਏ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਚਾਹ ਪੀਣ ਲਈ ਰੁਕਣ ਨੂੰ ਕਿਹਾ ਗਿਆ ਸੀ, ਪਰ ਉਹ ਬਾਹਰ ਆ ਗਏ। ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਨਹੀਂ ਕਿ ਮਸਲੇ ਦਾ ਹੱਲ ਹੋਵੇ, ਕਿਸਾਨ ਅਗਲੀ ਰਣਨੀਤੀ ਦਾ ਐਲਾਨ ਕਰਨ ਨੂੰ ਤਿਆਰ ਹਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਸਾਰਾ ਜ਼ੋਰ ਇਸ ਗੱਲ ਉਤੇ ਦੇਂਦੀ ਹੈ ਕਿ ਕਿਸਾਨਾਂ ਨੂੰ ਕਾਨੂੰਨਾਂ ਬਾਰੇ ਭੁਲੇਖਾ ਹੈ ਤੇ ਉਹ ਸਾਡੇ ਭੁਲੇਖੇ ਦੂਰ ਕਰ ਦੇਵੇਗੀ। ਮੋਦੀ ਸਰਕਾਰ ਏਥੇ ਅੜੀ ਹੋਈ ਹੈ ਕਿ ਉਹ ਕਾਨੂੰਨਾਂ ਬਾਰੇ ਪਿੱਛੇ ਨਹੀਂ ਹਟੇਗੀ।

ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਬਣਾਈ ਕਮੇਟੀ ਨਾਲ ਕਰੀਬ ਚਾਰ ਘੰਟੇ ਚਰਚਾ ਕੀਤੀ, ਜਿਸ ਦੌਰਾਨ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਰੇਲਵੇ ਮੰਤਰੀ ਪਿਯੂਸ਼ ਗੋਇਲ ਅਤੇ ਕਿਸਾਨ ਜਥੇਬੰਦੀਆਂ ਵੱਲੋਂ 35 ਆਗੂ ਸ਼ਾਮਲ ਹੋਏ। ਇਸ ਬਾਰੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ 'ਅਸੀਂ ਸਰਕਾਰ ਨੂੰ ਸਾਫ਼ ਕਹਿ ਦਿੱਤਾ ਹੈ ਕਿ ਕਿਸਾਨਾਂ ਵੱਲੋਂਬੈਠਕ ਵਿੱਚ ਕੌਣ ਵਿਅਕਤੀ ਜਾਵੇਗਾ ਅਤੇ ਕੌਣ ਨਹੀਂ, ਇਹ ਅਸੀਂ ਤੈਅ ਕਰਾਂਗੇ,ਸਰਕਾਰ ਤੈਅ ਨਹੀਂ ਕਰ ਸਕਦੀ। ਅੱਜ ਦੀ ਬੈਠਕ ਵਿੱਚ ਸ਼ਾਮਲ ਹੋਏ ਕਿਸਾਨ ਨੇਤਾ ਹਰਪਾਲ ਸਿੰਘ ਨੇ ਕਿਹਾ, 'ਸਰਕਾਰ ਪੂਰੀ ਤਿਆਰੀ ਨਾਲ ਨਹੀਂ ਆਈ ਸੀ। ਬੈਠਕ ਸ਼ੁਰੂ ਹੁੰਦੇ ਸਾਰ ਸਰਕਾਰੀ ਅਧਿਕਾਰੀ ਸਾਨੂੰ ਖੇਤੀਬਾੜੀ ਬਿੱਲਾਂ ਦੇ ਲਾਭ ਦੱਸਣ ਲੱਗ ਗਏ। ਉਹ ਸਾਨੂੰ ਦੱਸ ਰਹੇ ਸਨ ਕਿ ਇਨ੍ਹਾਂ ਕਾਨੂੰਨਾਂਦਾ ਕਿਸਾਨਾਂ ਨੂੰ ਕੀ ਲਾਭ ਹੋਵੇਗਾ।' ਉਨ੍ਹਾਂ ਕਿਹਾ ਕੇਂਦਰ ਸਰਕਾਰ ਦੇ ਅਧਿਕਾਰੀਆਂ ਦੀ ਪੂਰੀ ਗੱਲ ਸੁਣਨ ਪਿੱਛੋਂਅਸੀਂ ਸਰਕਾਰ ਨੂੰ ਕਹਿ ਦਿੱਤਾ ਕਿਅਸੀਂ ਕਿਸੇ ਕੀਮਤ ਉੱਤੇ ਨਵੇਂ ਕਾਨੂੰਨ ਸਵੀਕਾਰ ਨਹੀਂ ਕਰਾਂਗੇ। ਹਰਪਾਲ ਸਿੰਘ ਨੇ ਕਿਹਾ ਕਿ ਸਰਕਾਰ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨਦੀ, ਸੰਘਰਸ਼ ਜਾਰੀ ਰਹੇਗਾ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਪੇਸ਼ਕਸ਼ ਕੀਤੀ ਸੀ ਕਿ ਉਨ੍ਹਾਂ ਵੱਲੋਂ ਉਠਾਏ ਮੁੱਦਿਆਂ ਬਾਰੇ ਵਿਚਾਰ ਕਰਨ ਲਈ ਇਕ ਕਮੇਟੀ ਬਣਾਈ ਜਾਵੇਗੀ ਤੇ ਉਹ ਕਿਸਾਨ ਸੰਗਠਨਾਂ ਦੇ 4-5 ਆਗੂਆਂ ਦੇ ਨਾਮ ਇਸ ਕਮੇਟੀ ਲਈ ਦੇ ਦੇਣ। ਇਸ ਕਮੇਟੀ ਵਿਚ ਸਰਕਾਰ ਦੇ ਪ੍ਰਤੀਨਿਧ ਤੇ ਖੇਤੀ ਮਾਹਰ ਵੀ ਹੋਣਗੇ। ਕਿਸਾਨ ਆਗੂਆਂ ਨੇ ਕਿਹਾ ਹੈ ਕਿ ਇਹ ਸਿਰਫ ਟਾਲਣ ਦੀ ਕੋਸ਼ਿਸ਼ ਹੈ, ਸਰਕਾਰ ਮਸਲੇ ਦਾ ਹੱਲ ਕੱਢਣ ਦੀ ਥਾਂ ਮਸਲੇ ਨੂੰ ਲਟਕਾਉਣ ਦੇ ਰਾਹ ਪਈ ਜਾਪਦੀ ਹੈ,ਕਿਉਂਕਿ ਪਿਛਲੀ ਮੀਟਿੰਗ ਵਿਚ ਵੀ ਸਰਕਾਰ ਨੇ ਕਿਹਾ ਸੀ ਕਿ ਉਹ ਵਿਚਾਰ ਲਈ ਕਮੇਟੀ ਬਣਾਵੇਗੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਮਸਲੇ ਨੂੰ ਠੰਢਾ ਕਰਨ ਦੀ ਰਣਨੀਤੀ ਉਤੇ ਚੱਲ ਰਹੀ ਹੈ, ਇਸ ਲਈ ਸੰਘਰਸ਼ ਚੱਲਦਾ ਰਹੇਗਾ।

# ਕਿਸਾਨ ਮੋਰਚੇ ਦਾ ਅਸਰ: ਹਰਿਆਣਾ ਦੀਆਂ 40 ਤੋਂ ਵੱਧ ਖਾਪ ਪੰਚਾਇਤਾਂ ਨੇ ਖੱਟਰ ਸਰਕਾਰ ਵਿਰੁੱਧ ਝੰਡਾ ਚੁੱਕਿਆ

### * ਅਜੇ ਚੌਟਾਲਾ ਵੱਲੋਂ ਨੁਕਤਾਚੀਨੀ, ਜੇ ਜੇ ਪੀ ਦੇ ਤੇਵਰ ਬਦਲੇ



ਜੀਂਦ, 1 ਦਸੰਬਰ, (ਪੋਸਟ ਬਿਊਰੋ)- ਹਰਿਆਣਾ ਦੀਆਂ ਵੱਖ-ਵੱਖ ਖਾਪ ਪੰਚਾਇਤਾਂ ਨੇ ਓਥੋਂ ਦੀ ਮਨੋਹਰ ਲਾਲ ਖੱਟਰ ਸਰਕਾਰ ਦੇ ਵਿਰੋਧ ਦਾ ਫੈਸਲਾ ਕਰ ਲਿਆ ਹੈ। ਇਨ੍ਹਾਂ ਪੰਚਾਇਤਾਂ ਨੇ ਵਿਧਾਇਕਾਂ ਨਾਲ ਮਿਲ ਕੇ ਖੱਟਰ ਸਰਕਾਰ ਦੀ ਛੁੱਟੀ ਕਰਨ ਲਈ ਉਨ੍ਹਾਂ ਦਾ ਸਮੱਰਥਨ ਵਾਪਸ ਕਰਾਉਣਦੀ ਤਿਆਰੀ ਕਰ ਲਈ ਹੈ।

ਅੱਜ ਮੰਗਲਵਾਰ ਨੂੰ ਜੀਂਦ ਵਿੱਚ 40 ਤੋਂ ਵੱਧ ਖਾਪ ਪੰਚਾਇਤਾਂ ਦੀ ਮੀਟਿੰਗ ਹੋਈ, ਜਿੱਥੇ ਖਾਪਾਂ ਨੇ ਫੈਸਲਾ ਕੀਤਾ ਕਿ ਹਰਿਆਣਾ ਦੇ ਜਿੰਨੇ ਵੀ ਕਿਸਾਨਾਂ ਦੇ ਪੁੱਤਰ ਵਿਧਾਇਕ ਬਣੇ ਹਨ, ਉਨ੍ਹਾਂ ਨਾਲ ਵੀ ਮੁਲਾਕਾਤ ਕੀਤੀ ਜਾਏਗੀ ਤੇ ਵੱਖ-ਵੱਖ ਨੇਤਾਵਾਂ ਨੂੰ ਮਿਲ ਕੇ ਉਨ੍ਹਾਂ ਨੂੰ ਅਪੀਲ ਕੀਤੀ ਜਾਏਗੀ ਕੀ ਉਹ ਭਾਜਪਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਇਸ ਸਰਕਾਰ ਤੋਂ ਸਮਰਥਨ ਵਾਪਸ ਲੈ ਲੈਣ। ਖਾਪ ਪੰਚਾਇਤਾਂ ਨੇ ਕਿਹਾ ਕਿ ਇਸ ਮਕਸਦ ਦੇ ਲਈ ਇੱਕ ਕਮੇਟੀ ਵੀ ਬਣਾਈ ਜਾਏਗੀ, ਜੋ ਵਿਧਾਇਕਾਂ ਨੂੰਖੱਟਰ ਦਾ ਸਮਰਥਨ ਵਾਪਸੀ ਲਈ ਮਿਲੇਗੀ। ਇਸ ਦੇ ਨਾਲ ਖਾਪਾਂ ਨੇ ਫੈਸਲਾ ਕੀਤਾ ਹੈ ਕਿ ਖਾਪਾਂ ਆਪੋ-ਆਪਣੇ ਪੱਧਰ ਉਤੇ ਯਤਨ ਕਰਨ ਅਤੇ ਵੱਡੀ ਤੋਂ ਵੱਡੀ ਗਿਣਤੀ ਵਿੱਚ ਦਿੱਲੀ ਵੱਲ ਕੂਚ ਕਰਨ।

ਕਿਸਾਨਾਂ ਦੇ ਰੋਸ ਪ੍ਰਦਰਸ਼ਨ ਕਰਕੇ ਹਰਿਆਣੇ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਆਪਣੀ ਸਰਕਾਰ ਦੇ ਲਈ ਨਵਾਂ ਖਤਰਾ ਮਹਿਸੂਸ ਹੋਣ ਲੱਗਾ ਹੈ। ਅੱਜ ਉਸ ਦੀ ਸਹਿਯੋਗੀ ਪਾਰਟੀ ਨੇ ਚੇਤਾਵਨੀ ਦੇ ਦਿੱਤੀ ਹੈ। ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਪਿਤਾ ਅਤੇ ਜਨਨਾਇਕ ਜਨਤਾ ਪਾਰਟੀ ਦੇ ਪ੍ਰਧਾਨ ਅਜੇ ਚੌਟਾਲਾ ਨੇ ਕਿਹਾ ਕਿ ਸਰਕਾਰ ਨੂੰ ਇਸ ਮੁੱਦੇ ਉੱਤੇ ਵੱਡਾ ਸੋਚਣਾ ਤੇ ਕਿਸਾਨੀ ਮੰਗਾਂ ਦਾ ਹੱਲ ਲੱਭਣਾ ਚਾਹੀਦਾ ਹੈ। ਭਾਜਪਾ ਨਾਲ ਹਰਿਆਣਾ ਦੀ ਸੱਤਾ ਵਿੱਚ ਸ਼ਾਮਲ ਜੇਜੇ ਪੀ ਕਿਸਾਨਾਂ ਦੇ ਪ੍ਰਦਰਸ਼ਨ ਕਰਕੇ ਧਰਮ ਸੰਕਟ ਵਿੱਚ ਹੈ,ਕਿਉਂਕਿਇਹ ਖੁਦ ਨੂੰ ਕਿਸਾਨ ਹਿਤੈਸ਼ੀ ਦੱਸਦੀ ਹੈ ਤੇ ਇਸ ਦਾ ਵੋਟ ਬੈਂਕ ਕਿਸਾਨ ਹੀਅੱਜ ਕੇਂਦਰ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਅਜੇ ਚੌਟਾਲਾ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਮੁਸ਼ਕਲਾਂ ਜਲਦੀ ਹੱਲ ਕਰੇਉਨ੍ਹਾਂ ਨੇ ਕਿਹਾ ਕਿ ਅੰਨ-ਦਾਤਾ ਸੜਕਾਂ ਉੱਤੇ ਪ੍ਰੇਸ਼ਾਨ ਹੋ ਰਿਹਾ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੱਡੀ ਸੋਚ ਨਾਲ ਕਿਸਾਨਾਂ ਦੀ ਮੰਗ ਪੂਰੀ ਕਰੇ।

# ਅੰਦੋਲਨ ਦੌਰਾਨ ਦਿੱਲੀ ਮੋਰਚੇ 'ਚ ਸ਼ਾਮਲ ਕਿਸਾਨ ਦੀ ਮੌਤ



ਸਮਰਾਲਾ, 1 ਦਸੰਬਰ (ਪੋਸਟ ਬਿਊਰੋ)- ਖੇਤੀਬਾੜੀ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ ਵਿਖੇ ਸੰਘਰਸ਼ ਕਰ ਰਹੇ ਪੰਜਾਬ ਦੇ ਕਿਸਾਨਾਂ ਵਿੱਚ ਸ਼ਾਮਲ ਸਮਰਾਲਾ ਨੇੜਲੇ ਪਿੰਡ ਖੱਟਰਾਂ ਦੇ ਕਿਸਾਨ ਗੱਜਣ ਸਿੰਘ (55) ਦੀ ਟਿਕਰੀ ਬਾਰਡਰ 'ਤੇ ਧਰਨੇ ਦੌਰਾਨ ਹਾਲਤ ਵਿਗੜ ਜਾਣ 'ਤੇ ਮੌਤ ਹੋਣ ਕਾਰਨ ਕਿਸਾਨ ਹੋਰ ਵੀ ਭੜਕ ਗਏ ਹਨ।

ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਨੇ ਆਪਣੇ ਸਰਗਰਮ ਵਰਕਰ ਦੀ ਮੌਤ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਦੱਸਦੇ ਹੋਏ ਮੰਗ ਕੀਤੀ ਹੈ ਕਿ ਸੰਘਰਸ਼ ਦੌਰਾਨ ਮਾਰੇ ਗਏ ਕਿਸਾਨ ਦੇ ਪਰਵਾਰ ਨੂੰ 1 ਕਰੋੜ ਰੁਪਏ ਦਾ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਜਥੇਬੰਦੀ ਨੇ ਕੇਂਦਰ ਸਰਕਾਰ ਨੂੰ ਇਨ੍ਹਾਂ ਦੋਵਾਂ ਮੰਗਾਂ ਦੀ ਪੂਰਤੀ ਲਈ ਕੱਲ੍ਹ 11 ਵਜੇ ਤੱਕ ਦਾ ਅਲਟੀਮੇਟਮ ਦਿੰਦੇ ਹੋਏ ਆਖਿਆ ਹੈ, ਕਿ ਜੇ ਸਰਕਾਰ ਨਾ ਮੰਨੀ ਤਾਂ ਮ੍ਰਿਤਕ ਦੀ ਲਾਸ਼ ਮੋਰਚੇ ਵਾਲੀ ਥਾਂ 'ਤੇ ਰੱਖ ਕੇ ਹੋਰ ਵੀ ਵੱਡਾ ਅੰਦੋਲਨ ਕੀਤਾ ਜਾਵੇਗਾ।ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਖੀਰਨੀਆਂ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਗੱਜਣ ਸਿੰਘ ਬੀਤੇ 24 ਨਵੰਬਰ ਨੂੰ ਹੀ ਘੁਲਾਲ ਟੋਲ ਪਲਾਜ਼ਾ ਤੋਂ ਗਏ ਕਿਸਾਨਾਂ ਦੇ ਪਹਿਲੇ ਜਥੇ ਵਿੱਚ ਸ਼ਾਮਲ ਹੋ ਕੇ ਦਿੱਲੀ ਪੁੱਜਾ ਸੀ। ਕੜਾਕੇ ਦੀ ਠੰਡ ਵਿੱਚ ਵੀ ਬਾਕੀ ਸਾਥੀਆਂ ਨਾਲ ਟਿਕਰੀ ਬਾਰਡਰ 'ਤੇ ਡੱਟੇ ਹੋਏ ਇਸ ਕਿਸਾਨ ਦੀ ਕੱਲ੍ਹ ਦੇਰ ਰਾਤ ਹਾਲਤ ਵਿਗੜ ਗਈ। ਉਥੇ ਮੌਜੂਦ ਹੋਰ ਕਿਸਾਨ ਆਗੂ ਆਪਣੇ ਇਸ ਸਾਥੀ ਨੂੰ ਨੇੜੇ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਲੈ ਗਏ, ਪਰ ਹਾਲਤ ਜ਼ਿਆਦਾ ਗੰਭੀਰ ਹੋਣ 'ਤੇ ਉਸ ਨੂੰ ਵੱਡੇ ਹਸਪਤਾਲ ਲਿਜਾਇਆ ਗਿਆ, ਜਿੱਥੇ ਕਿ ਕੱਲ੍ਹ ਤੜਕੇ ਗੱਜਣ ਸਿੰਘ ਦੀ ਮੌਤ ਹੋ ਗਈ ਹੈ।

# ਕਿਸਾਨ ਸੰਘਰਸ਼ ਵਿੱਚ ਸ਼ਾਮਿਲ ਹੋਣ ਪੁੱਜੀ ਸ਼ਾਹੀਨ ਬਾਗ ਦੀ ਦਾਦੀ ਬਿਲਕੀਸ ਬਾਨੋ ਗ੍ਰਿਫਤਾਰ



ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਏ ਨਾਗਰਿਕਤਾ ਸੋਧ ਐਕਟ (ਸੀ ਏ ਏ) ਅਤੇ ਨੈਸ਼ਨਲ ਸਿਟੀਜ਼ਨਸ਼ਿਪ ਰਜਿਸਟਰ (ਐੱਨ ਆਰ ਸੀ) ਦੇ ਵਿਰੁੱਧ ਪ੍ਰੋਟੈਸਟ ਦਾ ਚਿਹਰੇ ਵਜੋਂ ਜਾਣੀ ਜਾਂਦੀ ਤੇ ਸ਼ਾਹੀਨ ਬਾਗ ਦੀ ਦਾਦੀ ਵਜੋਂ ਪ੍ਰਸਿੱਧ ਬਿਲਕੀਸ ਬਾਨੋ ਨੂੰ ਦਿੱਲੀ ਪੁਲਿਸ ਨੇ ਸਿੰਘੂ ਸਰਹੱਦ ਉੱਤੇ ਗ੍ਰਿਫਤਾਰ ਕੀਤਾ ਹੈ। ਉਹ ਅੱਜ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੀ ਹਮਾਇਤ ਕਰਨ ਲਈ ਸਿੰਘੂ ਬਾਰਡਰ ਉੱਤੇ ਪਹੁੰਚੀ ਸੀ।

ਇਸ ਤੋਂ ਪਹਿਲਾਂ ਬਿਲਕੀਸ ਬਾਨੋ ਨੇ ਕਿਹਾ ਸੀ ਕਿ 'ਅਸੀਂ ਕਿਸਾਨਾਂ ਦੀਆਂ ਧੀਆਂ ਹਾਂ ਤੇ ਅਸੀਂ ਕਿਸਾਨਾਂ ਦੇ ਰੋਸ ਦਾ ਸਮਰਥਨ ਕਰਾਂਗੀਆਂ,ਅਸੀਂ ਆਵਾਜ਼ ਬੁਲੰਦ ਕਰਾਂਗੇ, ਸਰਕਾਰ ਨੂੰ ਸਾਡੀ ਗੱਲ ਸੁਣਨੀ ਚਾਹੀਦੀ ਹੈ।' ਵਰਨਣ ਯੋਗ ਹੈ ਕਿ ਸੋਮਵਾਰ ਰਾਤ ਸੋਸ਼ਲ ਮੀਡੀਆ ਉੱਤੇਬਿਲਕੀਸ ਦਾਦੀ ਦੀ ਵਾਇਰਲ ਹੋਈ ਵੀਡੀਓ ਵਿੱਚ ਉਹ ਕਿਸਾਨਾਂ ਦੇ ਇੱਕ ਪ੍ਰਦਰਸ਼ਨ ਸਥਾਨ ਉਤੇ ਦਿਖਾਈ ਦਿੱਤੀ ਸੀ। ਇਸ ਵੀਡੀਓ ਵਿਚ ਦਾਦੀ ਨਾਲ ਤੁਰ ਰਹੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਗਿਆ ਸੀ ਕਿ ਉੱਤਰ ਪ੍ਰਦੇਸ਼ਤੋਂ ਪਰਤਦਿਆਂ ਉਹ ਕਿਸਾਨਾਂ ਦਾ ਹਾਲ-ਚਾਲ ਪੁੱਛਣ ਲਈ ਰੁਕੀ ਹੈ। ਬਿਲਕੀਸ ਦਾਦੀ ਸਿਟੀਜ਼ਨਸ਼ਿਪ ਸੋਧ ਕਾਨੂੰਨ ਦੇ ਵਿਰੁੱਧ ਸ਼ਾਹੀਨ ਬਾਗ ਵਿਚ ਲੱਗੇ ਮੋਰਚੇ ਵੇਲੇ ਮੁੱਖ ਚਿਹਰੇ ਵਜੋਂ ਸਾਹਮਣੇ ਆਈ ਸੀ। ਅਮਰੀਕਾ ਦੇ ਟਾਈਮ ਮੈਗਜ਼ੀਨ ਦੀ ਪੱਤਰਕਾਰ ਰਾਣਾ ਅਯੂਬ ਨੇ ਇੱਕ ਲੇਖ ਵਿੱਚ ਬਿਲਕਿਸ ਦਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਦੱਸਿਆ ਸੀ ਕਿ ਕਿਵੇਂ ਬਿਲਕੀਸ ਦਾਦੀ ਦਿੱਲੀ ਦੀ ਕੜਾਕੇ ਦੀ ਠੰਡ ਵਿੱਚ ਰੋਸ ਪ੍ਰਦਰਸ਼ਨ ਦੀ ਥਾਂ ਖੜੀ ਹੋਈ ਅਤੇ ਸ਼ਾਹੀਨ ਬਾਗ ਦੇ ਪ੍ਰਦਰਸ਼ਨ ਵਿੱਚ ਲੋਕਾਂ ਦੀ ਅਵਾਜ਼ ਬਣ ਗਈ ਸੀ। 'ਬਿਲਕਿਸ ਦਾਦੀ' ਦੇ ਨਾਮ ਨਾਲ ਮਸ਼ਹੂਰ ਬਿਲਕਿਸ ਬਾਨੋ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਦੀ ਵਸਨੀਕ ਹੈ, ਪਰ ਅੱਜਕੱਲ੍ਹ ਆਪਣੇ ਬੱਚਿਆਂ ਨਾਲ ਦਿੱਲੀ ਵਿਚ ਰਹਿੰਦੀ ਹੈ। ਉਸ ਦਾ ਮਰਹੂਮ ਪਤੀ ਖੇਤ ਮਜ਼ਦੂਰੀ ਕਰਦਾ ਸੀ। ਵਿਰੋਧ ਪ੍ਰਦਰਸ਼ਨ ਵੇਲੇ ਬਿਲਕਿਸ ਦਾਦੀ ਨੇ ਦੱਸਿਆ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਕਦੇ ਕਿਸੇ ਰਾਜਸੀ ਲਹਿਰ ਵਿਚ ਹਿਸਾ ਨਹੀਂ ਲਿਆ ਸੀ। ਪਹਿਲਾਂ ਉਹ ਸਿਰਫ ਇਕ ਘਰੇਲੂ ਔਰਤ ਸੀ, ਕਦੇ ਆਪਣਾ ਘਰ ਨਹੀਂ ਛੱਡਿਆ, ਪਰ ਇਸ ਪ੍ਰਦਰਸ਼ਨ ਵਿਚ ਉਨ੍ਹਾਂ ਦਾ ਖਾਣਾ-ਪੀਣਾ ਅਤੇ ਸੌਣਾ ਧਰਨਾ ਸਥਾਨ ਉਤੇ ਹੁੰਦਾ ਸੀ, ਕੁਝ ਸਮੇਂ ਲਈ ਘਰ ਸਿਰਫ ਕੱਪੜੇ ਬਦਲਣ ਜਾਂਦੀ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ





Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਖੇਤਾਂ ਹੇਠੋਂ ਦੀ ਨਹਿਰ ਲੰਘਾਈ, ਨਾ ਜ਼ਮੀਨ ਬੇਕਾਰ ਗਈ ਅਤੇ ਨਾ ਰੁੱਖ ਕੱਟੇ

ਕੋਰਬਾ, 1 ਦਸੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਜਲ ਸਰੋਤ ਵਿਭਾਗ ਨੇ ਨਵੀਂ ਤਕਨੀਕ ਅਪਨਾ ਕੇ ਖੇਤਾਂ ਤੱਕ ਪਾਣੀ ਪੁਚਾਉਣ ਲਈ ਕੋਰਬਾ ਜ਼ਿਲ੍ਹੇ ਦੇ ਲਬੇਦ ਪਿੰਡ ਵਿੱਚ ਜ਼ਮੀਨ ਹੇਠਾਂ ਨਹਿਰ ਦਾ ਤਰੀਕਾ ਵਰਤਿਆ ਹੈ। ਇਸ ਨਾਲ 800 ਕਿਸਾਨਾਂ ਦੀ ਖੇਤੀ ਜ਼ਮੀਨ ਦਾ ਥੋੜ੍ਹਾ ਜਿਹਾ ਵੀ ਹਿੱਸਾ ਨਹਿਰੀ ਨਿਰਮਾਣ ਵਿੱਚ ਨਹੀਂ ਖਪਿਆ, ਇਸ ਤੋਂ ਇਲਾਵਾ ਸੈਂਕੜੇ ਰੁੱਖ ਵੀ ਕੱਟਣ ਤੋਂ ਬਚ ਗਏ, ਜਿਸ ਤੋਂ ਹਰ ਕੋਈ ਹੈਰਾਨ ਹੈ।

ਨਹਿਰ ਬਣਾਉਣ ਪਿੱਛੋਂ ਉਸ ਦੇ ਉਪਰ ਢਾਈ ਫੁੱਟ ਮਿੱਟੀ ਵਿਛਾ ਦਿੱਤੀ ਗਈ ਹੈ। ਇਸ ਕਾਰਨ ਕਿਸਾਨ ਆਪਣੀ ਜ਼ਮੀਨ ਦੇ ਪੂਰੇ ਹਿੱਸੇ ਵਿੱਚ ਫਸਲ ਬੀਜ ਰਹੇ ਹਨ। ਵਾਤਾਵਰਣ ਸੁਰੱਖਿਆ ਦੇ ਨਾਲ ਉਪਜਾਊ ਜ਼ਮੀਨ ਨਸ਼ਟ ਹੋਣ ਤੋਂ ਬਚ ਗਈ ਅਤੇ ਇਲਾਕੇ ਵਿੱਚ ਸਿੰਜਾਈ ਦੀ ਸਮੱਸਿਆ ਦਾ ਅੰਤ ਵੀ ਹੋ ਗਿਆ ਹੈ। ਜੰਗਲ ਤੋਂ ਨਿਕਲੀ 14 ਕਿਲੋਮੀਟਰ ਲੰਬੀ ਨਹਿਰ ਲਈ ਇੱਕ ਵੀ ਰੁੱਖ ਨਹੀਂ ਕੱਟਿਆ ਗਿਆ। ਜੰਗਲ ਵਿੱਚ ਉਨ੍ਹਾਂ ਹਿੱਸਿਆਂ ਵਿੱਚ ਜ਼ਮੀਨ ਹੇਠਾਂ ਨਹਿਰ ਬਣਾਈ ਗਈ ਹੈ, ਜਿੱਥੇ ਰੁੱਖਾਂ ਦੀ ਗਿਣਤੀ ਵੱਧ ਸੀ।ਪਿੰਡ ਲਬੇਦ ਦੇ ਕਿਸਾਨ ਪਹਿਲਾਂ ਇਸ ਗੱਲ ਬਾਰੇ ਚਿੰਤਾ ਵਿੱਚ ਸਨ ਕਿ ਖੇਤ ਤੱਕ ਨਹਿਰ ਤੋਂ ਪਾਣੀ ਲੈਣ ਦੀ ਸਹੂਲਤ ਲੈਣਗੇ ਤਾਂ ਉਨ੍ਹਾਂ ਦੀ ਉਪਜਾਊ ਜ਼ਮੀਨ ਦਾ ਕੁਝ ਹਿੱਸਾ ਚਲਾ ਜਾਏਗਾ। ਜਦ ਵੀ ਨਹਿਰ ਬਣਨ ਦੀ ਗੱਲ ਆਉਂਦੀ ਤਾਂ ਇਤਰਾਜ਼ ਕਰਦੇ ਅਤੇ ਪਿੱਛੇ ਹਟ ਜਾਂਦੇ। ਉਨ੍ਹਾਂ ਦਾ ਕਹਿਣਾ ਸੀ ਕਿ ਜ਼ਮੀਨ ਤਾਂ ਜਾਂਦੀ ਹੀ ਹੈ, ਮੁਆਵਜ਼ੇ ਲਈ ਸਾਲਾਂ-ਬੱਧੀ ਚੱਕਰ ਵੀ ਕੱਟਣੇ ਪੈਂਦੇ ਹਨ। ਜਲ ਸਰੋਤ ਵਿਭਾਗ ਦੇ ਅਫਸਰਾਂ ਨੇ ਸਮੱਸਿਆ ਨਾਲ ਨਿਪਟਣ ਲਈ ਖੇਤਾਂ ਦੇ ਹੇਠਾਂ ਨਹਿਰ ਬਣਾਉਣ ਦੀ ਯੋਜਨਾ ਬਣਾਈ। ਵਿਚਾਲੇ ਪੈਂਦੇ ਜੰਗਲ ਦੇ ਰੁੱਖਾਂ ਨੂੰ ਵੀ ਕੱਟਣ ਤੋਂ ਬਚਾਉਣਾ ਸੀ।ਇਸ ਤਰ੍ਹਾਂ ਸੂਝ ਬੂਝ ਦਿਖਾ ਕੇ ਜ਼ਮੀਨ ਹੇਠਾਂ ਨਹਿਰ ਬਣਾਈ ਗਈ।

ਇਥੇ 15 ਸਾਲ ਪਹਿਲਾਂ ਸਟਾਪ ਡੈਮ ਬਣਾਇਆ ਗਿਆ, ਪਰ ਉਹ ਸਿੰਜਾਈ ਦੇ ਕੰਮ ਨਹੀਂ ਆ ਰਿਹਾ ਸੀ, ਇਸ ਨੂੰ ਜ਼ਮੀਨ ਹੇਠਾਂ ਨਹਿਰ ਨਾਲ ਜੋੜ ਦਿੱਤਾ ਗਿਆ। ਨਹਿਰ ਦੇ ਉਪਰ ਸਲੈਬ ਪਾ ਕੇ ਇਸ ਨੂੰ ਮਿੱਟੀ ਨਾਲ ਢੱਕ ਦਿੱਤਾ ਗਿਆ ਹੈ। ਖੇਤਾਂ ਤੱਕ ਪਾਣੀ ਪੁਚਾਉਣ ਲਈ ਛੋਟੇ-ਛੋਟੇ ਚੈਂਬਰ ਬਣਾਏ ਗਏ। ਸਟਾਪ ਡੈਮ ਵਿੱਚ ਲੱਗੇ ਮੇਨ ਵਾਲਵ ਤੋਂ ਪਾਣੀ ਲੋੜ ਅਨੁਸਾਰ ਛੱਡਿਆ ਗਿਆ ਹੈ। ਕੁਝ ਸਥਾਨਾਂ ਵਿੱਚ ਵੱਡੇ ਚੈਂਬਰ ਵੀ ਬਣਾਏ ਗਏ ਹਨ, ਤਾਂ ਕਿ ਸਾਰੇ ਪਾਸਿਆਂ ਤੋਂ ਖੇਤਾਂ ਤੱਕ ਪਾਣੀ ਪਹੁੰਚ ਸਕੇ। ਜੇ ਪਾਣੀ ਦੀ ਜ਼ਰੂਰਤ ਕਿਤੇ ਘੱਟ ਅਤੇ ਕਿਤੇ ਜ਼ਿਆਦਾ ਹੈ, ਤਾਂ ਉਸ ਨੂੰ ਵੱਡੇ ਚੈਂਬਰ ਵਿੱਚ ਲੱਗੇ ਵਾਲਵ ਤੋਂ ਕੰਟਰੋਲ ਕੀਤਾ ਜਾਂਦਾ ਹੈ।ਨਹਿਰ ਦਾ ਲਾਭ 1400 ਏਕੜ ਖੇਤੀ ਜ਼ਮੀਨ ਨੂੰ ਮਿਲ ਰਿਹਾ ਹੈ। ਕਿਸਾਨਾਂ ਨੇ ਇਸ ਸਾਲ ਝੋਨੇ ਦੀ ਫਸਲ ਪ੍ਰਾਪਤ ਕੀਤੀ ਅਤੇ ਅੱਗੋਂ ਰੱਬੀ ਦੀ ਤਿਆਰੀ ਕਰ ਰਹੇ ਹਨ। ਇਹੀ ਨਹੀਂ, ਕਈ ਕਿਸਾਨ ਸਬਜ਼ੀ ਤੇ ਤਿਲਾਂ ਦੀ ਖੇਤੀ ਕਰ ਰਹੇ ਹਨ। ਕੁੱਲ ਮਿਲਾ ਕੇ ਇਸ ਖੇਤਰ ਵਿੱਚ ਖੁਸ਼ਹਾਲੀ ਪਰਤ ਰਹੀ ਹੈ।ਕਿਸਾਨ ਸੋਹਨ ਲਾਲ ਯਾਦਵ ਦਾ ਕਹਿਣਾ ਹੈ ਕਿ ਸਭ ਤੋਂ ਚੰਗੀ ਗੱਲ ਇਹ ਹੈ ਕਿ ਨਹਿਰੀ ਨਿਰਮਾਣ ਦੌਰਾਨ ਸਾਡੀ ਜ਼ਮੀਨ ਬੇਕਾਰ ਨਹੀਂ ਗਈ। ਪਹਿਲਾਂ ਅਸੀਂ ਮਾਨਸੂਨ ਸਰੋਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਹਾਲੇ ਤੱਕ ਲੋਕ ਬਰਸਾਤ ਦੇ ਪਾਣੀ ਉੱਤੇ ਨਿਰਭਰ ਸਨ, ਪਰ ਇਸ ਵਾਰ ਬਿਨਾਂ ਕਿਸੇ ਚਿੰਤਾ ਦੇ ਖੇਤੀ ਕੰਮ ਸਮਾਪਤ ਹੋਇਆ ਹੈ। ਕੋਰਬਾ ਦੇ ਮੁੱਖ ਕਾਰਜਕਾਰੀ ਇੰਜੀਨੀਅਰ ਸੀ ਐਲ ਧਾਕੜਾ ਨੇ ਦੱਸਿਆ ਕਿ 14 ਕਿਲੋਮੀਟਰ ਲੰਬੀ ਇਹ ਨਹਿਰ ਤਿੰਨ ਮੀਟਰ ਚੌੜੀ ਅਤੇ ਢਾਈ ਮੀਟਰ ਡੂੰਘੀ ਹੈ। 1400 ਏਕੜ ਖੇਤੀ ਜ਼ਮੀਨ ਲਈ ਸਿੰਚਾਈ ਕਰਾਉਣ ਵਾਲੀ ਇਸ ਜ਼ਮੀਨ ਹੇਠਾਂ ਨਹਿਰ ਬਣਾਉਣ ’ਤੇ 3.50 ਕਰੋੜ ਦੀ ਲਾਗਤ ਆਈ ਹੈ। ਇਸ ਵਿੱਚ 14 ਮਹੀਨੇ ਦਾ ਸਮਾਂ ਲੱਗਾ। ਇਸ ਨਹਿਰੀ ਪਹਿਲ ਨੂੰ ਮਾਡਲ ਮੰਨ ਕੇ ਜ਼ਿਲ੍ਹੇ ਦੇ ਦੂਸਰੇ ਪਿੰਡਾਂ ਵਿੱਚ ਵੀ ਇਸ ਯੋਜਨਾ ਨੂੰ ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

# ਪਤਨੀ ਨੇ ਪ੍ਰੇਮੀ ਨਾਲ ਮਿਲਕੇ ਵੇਲਣੇ ਨਾਲ ਕੁੱਟ-ਕੁੱਟ ਪਤੀ ਮਾਰ ਦਿੱਤਾ

ਸੋਨੀਪਤ, 1 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਸਦਰ ਥਾਣਾ ਖੇਤਰ ਦੇ ਪਿੰਡ ਬੰਦੇਪੁਰ ਵਿੱਚ ਇੱਕ ਪਤਨੀ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਵੇਲਣੇ ਨਾਲ ਕੁੱਟ-ਕੁੱਟ ਕੇ ਪਤੀ ਦੀ ਹੱਤਿਆ ਕਰ ਦਿੱਤੀ। ਪਤੀ ਦੀ ਖੂਨ ਨਾਲ ਲਥਪਥ ਲਾਸ਼ ਕਮਰੇ ਵਿੱਚੋਂ ਮਿਲੀ ਹੈ। ਮ੍ਰਿਤਕ ਦੇ ਭਰਾ ਦੀ ਸੂਚਨਾ ’ਤੇ ਪਹੁੰਚੀ ਪੁਲਸ ਨੇ ਮੌਕੇ ਤੋਂ ਵੇਲਣਾ ਬਰਾਮਦ ਕੀਤਾ ਹੈ। ਦੋਸ਼ੀਆਂ ਨੇ ਸਿਰ ਉੱਤੇ ਵਾਰ ਕੀਤੇ ਸਨ। ਮੂੰਹ ਉੱਤੇ ਚਾਦਰ ਅਤੇ ਚੁੰਨੀ ਬੰਨ੍ਹੀ ਹੋਈ ਸੀ।

ਮ੍ਰਿਤਕ ਦੇ ਭਰਾ ਦਾ ਕਹਿਣਾ ਹੈ ਕਿ ਦੋਸ਼ੀਆਂ ਨੇ ਮ੍ਰਿਤਕ ਦੇ ਮੋਬਾਈਲ ਤੋਂ ਫੋਨ ਕਰ ਕੇ ਕਤਲ ਦੀ ਸੂਚਨਾ ਦਿੱਤੀ ਸੀ, ਇਥੇ ਪਹੁੰਚਿਆ ਤਾਂ ਤਾਲਾ ਲੱਗਾ ਹੋਇਆ ਸੀ।ਮੂਲ ਰੂਪ ਤੋਂ ਗੁਹਣਾ ਦਾ ਵਾਸੀ ਨਰਿੰਦਰ ਰਾਠਧਾਨਾ ਰੋਡ ਉਤਲੀ ਗੈਸ ਏਜੰਸੀ ਵਿੱਚ ਕੰਮ ਕਰਦਾ ਸੀ। ਉਹ ਇਥੇ ਪਤਨੀ ਤੇ ਦੋ ਬੱਚਿਆਂ ਨਾਲ ਰਹਿੰਦਾ ਸੀ। ਉਸ ਦੇ ਭਰਾ ਸੋਨੂ ਨੇ ਸਦਰ ਥਾਣੇ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਨਰਿੰਦਰ ਦਾ ਵਿਆਹ 22 ਸਾਲ ਪਹਿਲਾਂ ਪਿੰਡ ਪਿਪਲੀ ਖੇੜਾ ਦੀ ਰੇਖਾ ਨਾਲ ਹੋਇਆ ਸੀ। ਉਨ੍ਹਾਂ ਵਿੱਚ ਕਈ ਸਾਲਾਂਤੋਂ ਅਣਬਣ ਚੱਲ ਰਹੀ ਸੀ। ਇਸ ਕਾਰਨ ਰੇਖਾ ਇੱਕ ਸਾਲ ਤੱਕ ਆਰੀਆ ਨਗਰ ਦੀ ਪੱਥਰ ਵਾਲੀ ਗਲੀ ਦੇ ਵਾਸੀ ਸੋਮਬੀਰ ਨਾਲ ਰਹਿ ਰਹੀ ਸੀ। ਉਹ ਤਿੰਨ ਮਹੀਨੇ ਪਹਿਲਾਂ ਵਾਪਸ ਆਈ ਸੀ। 10 ਦਿਨ ਪਹਿਲਾਂ ਉਨ੍ਹਾਂ ਵਿੱਚ ਬਹਿਸਬਾਜ਼ੀ ਹੋਈ ਤਾਂ ਇਸ ਬਾਰੇ ਪੰਚਾਇਤ ਵਿੱਚ ਰੇਖਾ ਨੇ ਪਤੀ ਦੇ ਨਾਲ ਰਹਿਣ ਦੀ ਗੱਲ ਕਹੀ ਸੀ। ਸੋਨੂ ਨੇ ਦੋਸ਼ ਲਾਇਆ ਕਿ ਕੱਲ੍ਹ ਸਵੇਰੇ ਸੋਮਬੀਰ ਨੇ ਨਰਿੰਦਰ ਦੇ ਮੋਬਾਈਲ ਤੋਂ ਫੋਨ ਕਰ ਕੇ ਕਿਹਾ ਕਿ ਉਨ੍ਹਾਂ ਨੇ ਨਰਿੰਦਰ ਦਾ ਕੰਮ ਤਮਾਮ ਕਰ ਦਿੱਤਾ ਹੈ। ਰੇਖਾ ਨੇ ਵੀ ਕਤਲ ਕਰਨ ਦੀ ਗੱਲ ਕਹੀ। ਘਰ ਪਹੁੰਚਿਆ ਤਾਂ ਤਾਲਾ ਲੱਗਾ ਹੋਇਆ ਸੀ। ਗੁਆਂਢੀਆਂ ਨੂੰ ਨਾਲ ਲੈ ਕੇ ਤਾਲਾ ਤੋੜ ਕੇ ਅੰਦਰ ਵੜੇ ਤਾਂ ਨਰਿੰਦਰ ਦੀ ਲਾਸ਼ ਲਹੂ ਲੁਹਾਨ ਹਾਲਤ ਪਈ ਸੀ। ਨਰਿੰਦਰ ਦੇ ਦੋਵਾਂ ਬੱਚਿਆਂ ਲਵੀਸ਼ ਅਤੇ ਲੱਡੂ ਦਾ ਵੀ ਪਤਾ ਨਹੀਂ ਲੱਗਾ। ਮ੍ਰਿਤਕ ਦੇ ਭਰਾ ਦੀ ਸ਼ਿਕਾਇਤ ’ਤੇ ਪਤਨੀ ਅਤੇ ਸੋਮਬੀਰ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਦੋਵੇਂ ਦੋਸ਼ੀ ਫਰਾਰ ਹਨ।

# ਭੋਪਾਲ ਦੇ ਵਿਜੇ ਨੇ ਸਿਆਚਿਨ ਵਿੱਚ ਲਾਈ ਫੌਜ ਲਈ ਜੈਨਰੇਟਰ ਬਣਾਇਆ

ਭੋਪਾਲ, 1 ਦਸੰਬਰ (ਪੋਸਟ ਬਿਊਰੋ)- ਸਿਆਚਿਨ ਗਲੇਸ਼ੀਅਰ ਉੱਤੇ 40 ਡਿਗਰੀ ਤਾਪਮਾਨ ਵਾਲੀਆਂ ਬਰਫ਼ੀਲੀਆਂ ਵਾਦੀਆਂ ਵਿੱਚ ਫੌਜ ਦੇ ਜਵਾਨਾਂ ਤੱਕ ਬਿਜਲੀ ਪੁਚਾਉਣਾ ਸੌਖਾਨਹੀਂ ਹੈ। ਜਵਾਨਾਂ ਨੂੰ ਜੈਨਰੇਟਰ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ, ਪਰ ਹੱਦਤੋਂਵੱਧ ਠੰਡ ਪੈਣ ਅਤੇ ਸੂਰਜ ਦੀ ਗਰਮੀ ਦੇ ਪੇਚੀਦਾ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਭੋਪਾਲ ਦਾ ਵਿਜੇ ਮਮਤਾਨੀ ਬੀਤੇ ਪੰਜ ਸਾਲ ਤੋਂ ਇੱਕ ਅਜਿਹੇ ਜੈਨਰੇਟਰ ’ਤੇ ਕੰਮ ਕਰ ਰਿਹਾ ਹੈ। ਉਸ ਦਾ ਜੈਨਰੇਟਰ ਤਿਆਰ ਹੋ ਚੁਕਾ ਹੈ ਅਤੇ ਭਾਰਤੀ ਸੈਨਾ ਨੂੰ ਵੀ ਇਹ ਪਸੰਦ ਆਇਆ ਹੈ।

ਵਿਜੇ ਮਮਤਾਨੀ ਨੇ ਦੱਸਿਆ ਕਿ ਆਰਮੀ ਡਿਜ਼ਾਈਨ ਬਿਊਰੋ ਨੇ ਪਿਛਲੇ ਸਾਲ ਦਸੰਬਰ ਵਿੱਚ ਆਰ-ਟੇਕ-2019 ਐਗਜੀਬਿਸ਼ਨ ਕਰਵਾਈ ਗਈ ਸੀ। ਇਸ ਵਿੱਚ ਸੈਨਾ ਦੇ ਕਈ ਮੇਜਰ ਅਤੇ ਕਰਨਲ ਸ਼ਾਮਲ ਹੋਏ। ਉਨ੍ਹਾਂ ਨੇ ਦੇਸ਼ ਭਰ ਦੇ ਨੌਜਵਾਨਾਂ ਦੇ ਅਜਿਹੇ ਇਨੋਵੇਸ਼ਨ ਦੇਖੇ, ਜੋ ਮੇਡ-ਇਨ-ਇੰਡੀਆ ਹਨ ਅਤੇ ਫੌਜ ਦੇ ਕੰਮ ਆ ਸਕਦੇ ਹਨ। ਇਸੇ ਦੌਰਾਨ ਉਨ੍ਹਾਂ ਨੂੰ ਸਾਡਾ ਜੈਨਰੇਟਰ ਪਸੰਦ ਆਇਆ। ਜਨਵਰੀ ਵਿੱਚ 15000 ਫੁੱਟ ਦੀ ਉਚਾਈ ’ਤੇ 40 ਡਿਗਰੀ ਤਾਪਮਾਨ ਵਿੱਚ ਇਸ ਦਾ ਪ੍ਰਯੋਗ ਸਫਲ ਹੋਇਆ। ਮੇਜਰ ਨੇ ਦੱਸਿਆ ਕਿ ਮਾਰਚ ਤੋਂ ਸਤੰਬਰ ਤੱਕ ਚੰਗੀ ਧੁੱਪ ਆਉਂਦੀ ਹੈ, ਉਸ ਦੌਰਾਨ ਜੇ ਇਹ ਜੈਨਰੇਟਰ ਸੋਲਰ ਤਕਨੀਕ ਨਾਲ ਕੰਮ ਕਰੇ ਤਾਂ ਸਸਤਾ ਵੀ ਹੋਵ-ੇਗਾ। ਇਹੀ ਕਾਰਨ ਹੈ ਕਿ ਅਸੀਂ ਸੋਲਰ ਅਤੇ ਨੈਚੁਰਲ ਗੈਸ ਤੋਂ ਕੰਮ ਕਰਨ ਵਾਲਾ ਹਾਈਬਰੀਡ ਜੈਨਰੇਟਰ ਤਿਆਰ ਕਰ ਰਹੇ ਹਾਂ।

## ਤੂੜੀ ਵਾਲੀ ਟਰਾਲੀ ਦੀ ਟੱਕਰ ਨਾਲ ਮੋਟਰ ਸਾਈਕਲ ਸਵਾਰ ਦੀ ਮੌਤ, 2 ਜ਼ਖਮੀ

ਬੁਢਲਾਡਾ, 1 ਦਸੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਫੁੱਟਬਾਲ ਚੌਕ ਦੇ ਨਜ਼ਦੀਕ ਫੂਸ ਵਾਲੀ ਟਰਾਲੀ ਨਾਲ ਮੋਟਰ ਸਾਈਕਲ ਸਵਾਰਾਂ ਦੀ ਟੱਕਰ ਹੋਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇਸ ਦੌਰਾਨ ਦੋ ਵਿਅਕਤੀਆਂ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਦਾ ਸਮਾਚਾਰ ਮਿਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬੁਢਲਾਡਾ ਤੋਂ ਭੀਖੀ ਜਾ ਰਹੀ ਤੂੜੀ ਦੀ ਟਰਾਲੀ ਨਾਲ ਭੀਖੀ ਤੋਂ ਮੋਟਰ ਸਾਈਕਲ ਉਤੇ ਸਵਾਰ ਤਿੰਨ ਨੌਜਵਾਨ ਅਮਿਤ ਕੁਮਾਰ (20), ਸੰਨੀ (21) ਤੇ ਸੁਰਿੰਦਰ ਦੀ ਟੱਕਰ ਹੋ ਗਈ ਜਿਸ ਵਿੱਚ ਅਮਿਤ ਕੁਮਾਰ ਦੇ ਸਿਰ ਉਤੇ ਸੱਟ ਵੱਜਣ ਕਾਰਨ ਉਸ ਦੀ ਮੌਕੇ ਉਤੇ ਮੌਤ ਹੋ ਗਈ। ਜ਼ਖ਼ਮੀ ਹੋਏ ਸੁਰਿੰਦਰ ਅਤੇ ਸੰਨੀ ਨੂੰ ਵੱਡੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ ਹੈ। ਸਹਾਇਕ ਥਾਣੇਦਾਰ ਗੁਰਚੈਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਸੁਰੇਸ ਕੁਮਾਰ ਦੇ ਬਿਆਨ ਉਤੇ ਅਣਪਛਾਤੇ ਟਰਾਲੀ ਚਾਲਕ ਵਿਰੁੱਧ ਧਾਰਾ 304 ਏ, 279, 337 ਤਹਿਤ ਮਾਮਲਾ ਦਰਜ ਕਰ ਕੇ ਟਰੈਕਟਰ ਟਰਾਲੀ ਕਬਜ਼ੇ ਵਿੱਚ ਲੈ ਲਈ ਗਈ ਹੈ।

# ਲਾੜੇ ਦੀ ਪਹਿਲੀ ਪਤਨੀ ਵੱਲੋਂ ਦੂਸਰੇ ਵਿਆਹ ਮੌਕੇ ਹੰਗਾਮਾ

* ਲੜਕੇ ’ਤੇ ਬਿਨਾਂ ਤਲਾਕ ਦੂਸਰਾ ਵਿਆਹ ਕਰਵਾਉਣ ਦਾ ਦੋਸ਼

ਗੋਰਾਇਆ, 1 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਢੀਂਡਸਾ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਓਦੋਂ ਹੰਗਾਮਾ ਹੋ ਗਿਆ, ਜਦੋਂ ਬਾਰਾਤ ਲੈ ਕੇ ਆਏ ਲਾੜੇ ਦੀ ਪਹਿਲੀ ਪਤਨੀ ਨੇ ਕੁਝ ਲੋਕਾਂ ਨੂੰ ਨਾਲ ਲੈ ਕੇ ਬਾਰਾਤ ਦੀ ਗੱਡੀ ਦੀ ਤੋੜ ਭੰਨ ਸ਼ੁਰੂ ਕਰ ਦਿੱਤੀ। ਇਸ ਮੌਕੇ ਉ ਨੇ ਦੋਸ਼ ਲਾਏ ਕਿ ਉਸ ਦੇ ਪਤੀ ਨੇ ਚੋਰੀ-ਛਿਪੇ ਉਸ ਨੂੰ ਤਲਾਕ ਦਿੱਤੇ ਬਿਨਾਂ ਨਵੀਂ ਜਗ੍ਹਾ ਵਿਆਹ ਕੀਤਾ ਹੈ, ਜਦ ਕਿ ਲਾੜਾ ਇਹ ਦੋਸ਼ ਰੱਦ ਕਰ ਰਿਹਾ ਹੈ।

ਲਾੜੇ ਦੀ ਪਹਿਲੀ ਵਹੁਟੀ ਸੰਗੀਤਾ ਵਾਸੀ ਮਹਿਤਪੁਰ ਨੇ ਦੱਸਿਆ ਕਿ ਕਰੀਬ ਛੇ ਸਾਲ ਪਹਿਲਾਂ ਉਸ ਦਾ ਵਿਆਹ ਗੋਰਾਇਆ ਦੇ ਪਿੰਡ ਅੱਟਾ ਦੇ ਚਰਨਜੀਤ ਪੁੱਤਰ ਮੇਜਰ ਲਾਲ ਨਾਲ ਹੋਇਆ ਸੀ, ਪਰ ਘਰੇਲੂ ਕਲੇਸ਼ ਕਾਰਨ ਕਰੀਬ ਇੱਕ ਸਾਲ ਤੋਂ ਉਸ ਦਾ ਆਪਣੇ ਪਤੀ ਚਰਨਜੀਤ ਨਾਲ ਝਗੜਾ ਚੱਲ ਰਿਹਾ ਸੀ। ਇਸ ਬਾਰੇ ਉਸ ਨੇ ਐਸ ਐਸ ਪੀ ਜਲੰਧਰ ਨੂੰ ਸ਼ਿਕਾਇਤ ਦਿੱਤੀ ਹੋਈ ਹੈ ਅਤੇ ਵੂਮੈਨ ਸੈਲ ਵਿੱਚ ਇਸ ਦਾ ਕੇਸ ਚੱਲ ਰਿਹਾ ਹੈ। ਇਸ ਦੇ ਉਲਟ ਚਰਨਜੀਤ ਨੇ ਉਸ ’ਤੇ ਪ੍ਰਾਪਰਟੀ ਮੰਗਣ ਦਾ ਕੇਸ ਕੀਤਾ ਹੋਇਆ ਹੈ, ਜੋ ਫਿਲੌਰ ਵਿੱਚ ਚੱਲਦਾ ਹੈ। ਉਸ ਦਾ ਦੋਸ਼ ਹੈ ਕਿ ਚੋਰੀ-ਛਿਪੇ ਚਰਨਜੀਤ ਨੇ ਨਵੀਂ ਜਗ੍ਹਾ ਪਿੰਡ ਢੀਂਡਸਾ ਵਿੱਚ ਵਿਆਹ ਕੀਤਾ ਹੈ। ਜਦ ਉਸ ਨੂੰ ਇਸ ਦੀ ਸੂਚਨਾ ਮਿਲੀ ਤਾਂ ਉਹ ਪਿੰਡ ਢੀਂਡਸਾ ਆਈ, ਪਰ ਉਸ ਦੇ ਉਥੇ ਪਹੁੰਚਦੇ ਸਾਰ ਬਾਰਾਤੀ ਗੱਡੀਆਂ ਸਮੇਤ ਉਥੋਂ ਭੱਜ ਗਏ।ਸੰਗੀਤਾ ਨੇ ਦੱਸਿਆ ਕਿ ਉਸ ਦਾ ਦੀ ਵੀ ਚਰਨਜੀਤ ਨਾਲ ਦੂਸਰਾ ਵਿਆਹ ਸੀ, ਪਹਿਲੇ ਵਿਆਹ ਤੋਂ ਉਸ ਦੀ ਬੇਟੀ ਵੀ ਹੈ। ਸੰਗੀਤਾ ਨੇ ਦੱਸਿਆ ਕਿ ਚਰਨਜੀਤ ਨੇ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਵਿਆਹ ਕੀਤਾ ਸੀ ਉਸ ਦੇ ਬਾਅਦ ਚਰਨਜੀਤ ਨੇ ਉਸ ਨਾਲ ਵਿਆਹ ਕੀਤਾ ਅਤੇ ਅੱਜ ਤੀਸਰਾ ਵਿਆਹ ਹੋਰ ਕਰਵਾ ਲਿਆ ਹੈ।

ਦੂਸਰੇ ਪਾਸੇ ਲਾੜੇ ਚਰਨਜੀਤ ਦਾ ਕਹਿਣਾ ਸੀ ਕਿ ਉਸ ਦਾ ਵਿਆਹ ਸੰਗੀਤਾ ਨਾਲ ਹੋਇਆ ਸੀ, ਪਰ ਕਲੇਸ਼ ਦੇ ਕਾਰਨ ਕਰੀਬ ਸਵਾ ਸਾਲ ਪਹਿਲਾਂ ਉਨ੍ਹਾਂ ਦੋਵਾਂ ਦਾ ਪੰਚਾਇਤੀ ਤਲਾਕ ਹੋ ਚੁੱਕਾ ਹੈ, ਜਿਸ ਵਿੱਚ ਸਾਫ ਲਿਖਿਆ ਗਿਆ ਸੀ ਕਿ ਲੜਕਾ ਅਤੇ ਲੜਕੀ ਕਿਤੇ ਹੋਰ ਵਿਆਹ ਕਰ ਸਕਦੇ ਹਨ, ਜਿਸ ਪਿੱਛੋਂ ਉਸ ਨੇ ਨਵੀਂ ਜਗ੍ਹਾ ਵਿਆਹ ਕੀਤਾ ਹੈ। ਇਸ ਬਾਰੇ ਗੋਰਾਇਆ ਥਾਣਾ ਦੇ ਇੰਚਾਰਜ ਹਰਦੀਪ ਸਿੰਘ ਨੇ ਕਿਹਾ ਕਿ ਪੁਲਸ ਨੂੰ ਮਿਲੀ ਸ਼ਿਕਾਇਤ ਉਤੇ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਲੜਕੇ ਅਤੇ ਲੜਕੀ ਦਾ ਪੰਚਾਇਤੀ ਤਲਾਕ ਹੋ ਚੁੱਕਾ ਹੈ। ਉਨ੍ਹਾਂ ਦੀ ਇੱਕ ਸ਼ਿਕਾਇਤ ਦਾ ਮਾਮਲਾ ਡੀ ਐਸ ਪੀ ਨਕੋਦਰ ਵਿੱਚ ਚੱਲ ਰਿਹਾ ਹੈ। ਗੱਡੀਆਂ ਦੀ ਭੰਨ ਤੋੜ ਬਾਰੇਉਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਮਿਲੀ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਗੋਰ-ਾਇਆ ਪੁਲਸ ਨੇ ਪਿੰਡ ਅੱਟਾ ਵਿੱਚ ਰਾਤ ਇੱਕ ਵਜੇ ਦੇ ਕਰੀਬ ਕੁਝ ਘਰਾਂ ’ਤੇ ਧੱਕੇ ਨਾਲ ਛਾਪੇਮਾਰੀ ਕੀਤੀ ਅਤੇ ਇੱਕ ਨਾਬਾਲਗ ਲੜਕੀ ਨੂੰ ਲੁਕਾਉਣ ਦੀ ਸੂਚਨਾ ਕਹਿ ਕੇ ਲੋਕਾਂ ਦੇ ਘਰੀਂ ਵੜਕੇ ਘਰ ਦਾ ਸਾਮਾਨ ਖਿਲਾਰਿਆ ਸੀ। ਕਈ ਘੰਟੇ ਚੱਲੀ ਛਾਪੇਮਾਰੀ ਦੇ ਬਾਅਦ ਪੁਲਸ ਨੂੰ ਮੇਜਰ ਲਾਲ ਦੇ ਘਰੋਂ ਲੜਕੀ ਮਿਲੀ ਸੀ। ਪਤਾ ਲੱਗਾ ਹੈ ਕਿ ਉਸੇ ਲੜਕੀ ਦੇ ਚਰਨਜੀਤ ਨਾਲ ਪ੍ਰੇਮ ਸੰਬੰਧ ਸਨ ਤੇ ਬਾਲਿਗ ਹੋਣ ਦੇ ਸਬੂਤ ਮਿਲਣ ’ਤੇ ਪੁਲਸ ਓਥੋਂ ਮੁੜ ਗਈ ਸੀ। ਇਸ ਬਾਰੇ ਪਿੰਡ ਵਾਸੀਆਂ ਨੇ ਵੀ ਪੁਲਸ ’ਤੇ ਸਵਾਲੀਆ ਚਿੰਨ ਲਾਏ ਸਨ ਕਿ ਬਿਨਾਂ ਕਿਸੇ ਵਾਰੰਟ ਦੇ ਘਰਾਂ ਵਿੱਚ ਵੜ ਕੇ ਸਾਮਾਨ ਕਿਉਂ ਖਿਲਾਰਿਆ ਗਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਏਸ਼ੀਆ ਵਿੱਚ ਰਿਸ਼ਵਤਖੋਰੀ ਵਿੱਚੋਂ ਭਾਰਤ ਦਾ ਪਹਿਲਾ ਨੰਬਰ

ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਵਿਰੋਧੀ‘ਟ੍ਰਾਂਸਪੇਰੈਂਸੀ ਇੰਟਰਨੈਸ਼ਨਲ’ ਨਾਂਅ ਦੀ ਸੰਸਥਾ ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ ਏਸ਼ੀਆ ’ਚ ਸਭ ਤੋਂਵੱਧ ਰਿਸ਼ਵਤ ਦੀ ਦਰ ਭਾਰਤ ਵਿੱਚ ਹੈ ਅਤੇ ਜਨਤਕ ਸੇਵਾਵਾਂ ਦੀ ਵਰਤੋਂ ਕਰਨ ਲਈ ਨਿੱਜੀ ਸੰਪਰਕਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵੀ ਇੱਥੇ ਸਭ ਤੋਂ ਵੱਧ ਹੈ।

ਜੀ ਟੀ ਬੀ (ਗੋਲਬਲ ਕੁਰੱਪਸ਼ਨ ਬੈਰੋਮੀਟਰ) ਏਸ਼ੀਆ ਦੇ ਅਨੁਸਾਰ ਰਿਸ਼ਵਤ ਦੇਣ ਵਾਲਿਆਂ ’ਚੋਂ ਲੱਗਭਗ 50 ਫੀਸਦੀ ਨੂੰ ਅਜਿਹਾ ਕਰਨ ਨੂੰ ਕਿਹਾ ਗਿਆ ਸੀ। ਉਥੇ ਨਿੱਜੀ ਸੰਪਰਕਾਂ ਦੀ ਵਰਤੋਂ ਕਰਨ ਵਾਲੇ ਲੋਕਾਂ ’ਚੋਂ 32 ਫੀਸਦੀ ਦਾ ਕਹਿਣਾ ਸੀ ਕਿ ਰਿਸ਼ਵਤ ਦੇਣ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਸੇਵਾ ਨਹੀਂਮਿਲਦੀ।ਇਹ ਰਿਪੋਰਟ ਉਸ ਸਰਵੇ ਉਤੇ ਅਧਾਰਤ ਹੈ, ਜੋ ਇਸ ਸਾਲ ਭਾਰਤ ਵਿੱਚ 17 ਜੂਨ ਤੋਂ 17 ਜੁਲਾਈ ਦੇ ਵਿਚਾਲੇ ਕੀਤਾ ਗਿਆ ਸੀ ਅਤੇ ਇਸ ’ਚ 2000 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਰਿਪੋਰਟ ’ਚ ਕਿਹਾ ਗਿਆ ਕਿ ਸਬੰਧਤ ਖੇਤਰ ਵਿੱਚ ਰਿਸ਼ਵਤ ਦੇਣ ਦੀ ਉਚੀ ਦਰ (39 ਫੀਸਦੀ) ਦੇ ਨਾਲ ਭਾਰਤ ’ਚ ਉਨ੍ਹਾਂ ਲੋਕਾਂ ਦੀ ਗਿਣਤੀ (46 ਫੀਸਦੀ) ਵੀ ਸਭ ਤੋਂਵੱਧ ਹੈ, ਜੋ ਲੋਕ ਸੇਵਾਵਾਂ ਦੀ ਵਰਤੋਂ ਕਰਨ ਲਈ ਨਿੱਜੀ ਸੰਪਰਕਾਂ ਦਾ ਆਸਰਾ ਲੈਂਦੇ ਹਨ। ਰਿਪੋਰਟ ਮੁਤਾਬਕ ਭ੍ਰਿਸ਼ਟਾਚਾਰ ਉਤੇ ਕਾਬੂ ਪਾਉਣ ਲਈ ਅਜਿਹੇ ਕੇਸਾਂ ਦੀ ਜਾਣਕਾਰੀ ਦੇਣਾ ਮਹੱਤਵ ਪੂਰਨ ਹੈ, ਪਰ ਭਾਰਤ ’ਚ ਜ਼ਿਆਦਾਤਰ (63 ਫੀਸਦੀ) ਨਾਗਰਿਕਾਂ ਦਾ ਮੰਨਣਾ ਹੈ ਕਿ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਕਰੋ ਤਾਂ ਬਦਲੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਰਿਪੋਰਟ ਅਨੁਸਾਰ ਮਲੇਸ਼ੀਆ, ਥਾਈਲੈਂਡ, ਸ੍ਰੀਲੰਕਾ ਅਤੇ ਇੰਡੋਨੇਸ਼ੀਆ ਸਮੇਤ ਕਈ ਦੇਸ਼ਾਂ ’ਚ ਸੈਕਸ ਸੋਸ਼ਣ ਦੀ ਦਰ ਵੀ ਵੱਧ ਹੈ ਅਤੇ ਲਿੰਗ ਆਧਾਰ ’ਤੇ ਭ੍ਰਿਸ਼ਟਾਚਾਰ ’ਤੇ ਕਾਬੂ ਪਾਉਣ ਲਈ ਕਾਫ਼ੀ ਕੁਝ ਕਰਨ ਦੀ ਜ਼ਰੂਰਤ ਹੈ। ਭਾਰਤ ’ਚ 89 ਫੀਸਦੀ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰੀ ਭ੍ਰਿਸ਼ਟਾਚਾਰ ਵੱਡੀ ਸਮੱਸਿਆ ਹੈ ਅਤੇ 18 ਫੀਸਦੀ ਲੋਕਾਂ ਨੂੰ ਵੋਟਾਂ ਬਦਲੇ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਕੌਮੀ ਸਰਵੇਖਣ ’ਚ ਰਿਸ਼ਵਤਖੋਰੀ ’ਚ ਭਾਰਤ ਦੇ ਬਾਅਦ ਦੂਸਰਾ ਨੰਬਰ ਕੰਬੋਡੀਆ ਦਾ ਹੈ। ਮਾਲਦੀਵ ਤੇ ਜਾਪਾਨ ’ਚ ਸਭ ਤੋਂ ਘੱਟ ਰਿਸ਼ਵਤ (2 ਫੀਸਦੀ), ਜਦਕਿ ਦੱਖਣ ਕੋਰੀਆ ’ਚ ਇਹ 10 ਫੀਸਦੀ ਅਤੇ ਨਿਪਾਲ ’ਚ 12 ਫੀਸਦੀ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CAIO 530AM
11pm-12am
Every Saturday

Chamkaur Singh
Producer/Host
Cell: 416 662 1313
Email: punjabirang13@hotmail.com

# ਕਿਸਾਨ ਘੋਲ ਦੀ ਨਿਵੇਕਲੀ ਇਬਾਰਤ

-ਸ਼ਮਸ਼ੇਰ ਸਿੰਘ ਡੂਮੇਵਾਲ



ਭਾਰਤ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਦਾ ਵਿਆਪਕ ਰੋਸ ਲਾਮਿਸਾਲ ਸੰਘਰਸ਼ ਦਾ ਰੂਪ ਧਾਰ ਕੇ ਦਿੱਲੀ ਦੀਆਂ ਬਰੂਹਾਂ 'ਤੇ ਦਸਤਕ ਦੇ ਚੁੱਕਾ ਹੈ। ਦੇਸ਼ ਦੇ ਕੋਨੇ-ਕੋਨੇ ਤੋਂ ਰੋਹ ਭਰਪੂਰ ਕਾਫਲੇ ਗੂੰਜਦੇ ਨਾਅਰਿਆਂ ਨਾਲ ਦਿੱਲੀ ਨੂੰ ਜਾ ਰਹੇ ਹਨ। ਕਿਸਾਨਾਂ ਨੂੰ ਹਰਿਆਣਾ ਦੀਆਂ ਖਾਪ ਪੰਚਾਇਤਾਂ, ਉਤਰ ਪ੍ਰਦੇਸ਼ ਤੇ ਰਾਜਸਥਾਨ ਆਦਿ ਦੀਆਂ ਕਿਸਾਨ ਜਥੇਬੰਦੀਆਂ ਦਾ ਵੀ ਸਹਿਯੋਗ ਮਿਲ ਰਿਹਾ ਹੈ। ਇਨ੍ਹਾਂ ਕਾਫਲਿਆਂ ਦੀ ਅੰਦਰੂਨੀ ਪੀੜ ਅੰਨ-ਦਾਤੇ ਦੇ ਬੋਲਾਂ 'ਚੋਂ ਪ੍ਰਤੱਖ ਸੁਣਾਈ ਦੇਂਦੀ ਹੈ। ਆਰ-ਪਾਰ ਦੀ ਲੜਾਈ ਵਿੱਢੀ ਬੈਠੇ ਇਸ ਠਾਠਾਂ ਮਾਰਦੇ ਸੰਘਰਸ਼ ਅੰਦਰ ਅੱਜ ਉਹ ਪੰਜਾਬ ਦਾ ਕਿਸਾਨ ਮੂਹਰਲੀ ਭੂਮਿਕਾ ਵਿੱਚ ਹੈ ਜਿਸ ਨੇ ਕਦੇ ਝੋਲੀ ਅੱਡ ਕੇ ਭੀਖ ਮੰਗਦੇ ਦੇਸ਼ ਦੀ ਝੋਲੀ ਅਨਾਜ ਨਾਲ ਭਰੀ ਸੀ।

ਅੱਜ ਕਈ ਦਹਾਕਿਆਂ ਬਾਅਦ ਦੇਸ਼ ਦੇ ਵਫਾਦਾਰ ਅੰਨਦਾਤੇ ਪ੍ਰਤੀ ਬੇਵਫਾ ਹੋਈ ਦਿੱਲੀ ਕਿਰਤ ਵਿਰਤ ਦੇ ਸਿਧਾਂਤ ਦੇ ਪ੍ਰਤੀਕ ਪੰਜਾਬ ਦੇ ਅੰਨ-ਦਾਤੇ ਨੂੰ ਅੱਖਾਂ ਦਿਖਾ ਰਹੀ ਹੈ। ਪੰਜਾਬ ਦਾ ਵਫਾਦਾਰ ਅੰਨ-ਦਾਤਾ ਜੇ ਹੱਕਾਂ ਦੇ ਲਈ ਜ਼ੁਬਾਨ ਖੋਲ੍ਹਦਾ ਹੈ ਤਾਂ ਉਸ ਦੇ ਬਦਲੇ ਅਹਿਲਕਾਰਾਂ ਦੇ ਸਿਪਾਹ ਸਲਾਰ ਗੁਆਂਢੀ ਸੂਬੇ ਦੀ ਸਾਂਝ ਭਰਪੂਰ ਮਰਿਆਦਾ ਨੂੰ ਛਿੱਕੇ ਟੰਗ ਕੇ ਸ਼ਾਂਤਮਈ ਢੰਗ ਨਾਲ ਦਿੱਲੀ ਤੋਂ ਹੱਕ ਮੰਗਣ ਜਾਂਦੇ ਅੰਨ-ਦਾਤੇ ਦੇ ਜਿਸਮ 'ਤੇ ਬੇਖੌਫ ਡਾਂਗਾਂ ਵਰ੍ਹਾ ਰਹੇ ਹਨ। ਠੰਢੀਆਂ ਯਖ਼ ਰਾਤਾਂ ਵਿੱਚ ਅੰਨ-ਦਾਤੇ 'ਤੇ ਪਾਣੀ ਦੀਆਂ ਬੁਛਾੜਾਂ ਅਤੇ ਡਾਂਗਾਂ ਵਰ੍ਹੀਆਂ ਹਨ। ਲੋਕਤੰਤਰ ਦਾ ਇਹ ਵਰਤਾਰਾ ਕਿਸ ਹੱਦ ਤੱਕ ਜਾਇਜ਼ ਹੈ? ਹਾਕਮ ਇਸ ਪ੍ਰਤੀ ਜਵਾਬਦੇਹ ਹੋਣ ਦੀ ਥਾਂ ਆਪਣੇ ਕਾਲੇ ਕਾਨੂੰਨਾਂ ਨੂੰ ਵਾਜਿਬ ਠਹਿਰਾ ਰਹੇ ਹਨ।

ਪੰਜਾਬ ਦੇ ਕਿਸਾਨ ਦੀ ਇਹ ਤਕਦੀਰ ਰਹੀ ਹੈ ਕਿ ਉਸ ਨੂੰ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਕੇ ਆਪਣੀ ਤਕਦੀਰ ਲੱਭਣ ਦੇ ਨਾਲ ਸੰਘਰਸਾਂ ਦੀ ਖੇਤੀ ਕਰ ਕੇ ਵੀ ਆਪਣਾ ਸਵੈਮਾਣ ਤੇ ਆਪਣੇ ਹੱਕ ਬਰਕਰਾਰ ਰੱਖਣੇ ਪਏ ਹਨ। ਤਵਾਰੀਖ ਦੇ ਪੰਨੇ ਇਸ ਦੀ ਸ਼ਾਹਦੀ ਭਰਦੇ ਹਨ ਕਿ ਸਦੀਆਂ ਪਹਿਲਾਂ ਇਸ ਦੇਸ਼ ਦੀ ਸਰਜ਼ਮੀਨ 'ਤੇ ਲੋਹੇ ਦਾ ਸੁਹ-ਾਗਾ ਬਣ ਕੇ ਚੱਲੇ ਬਾਬਾ ਬੰਦਾ ਸਿੰਘ ਬਹਾਦਰ ਨੇ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿੱਤੇ ਸਨ। ਭੂਮੀ ਸੁਧਾਰਾਂ ਦੇ ਇਸ ਇਤਿਹਾਸਕ ਆਗਾਜ਼ ਨੇ ਬਾਬੇ ਨਾਨਕ ਦੀ ਹੱਥੀਂ-ਕਾਰ ਸਿਧਾਂਤਕ ਪ੍ਰੰਪਰਾ ਨੂੰ ਪ੍ਰਫੁੱਲਤ ਕਰਨ 'ਚ ਵਰਣਨ ਯੋਗ ਵਾਧਾ ਕੀਤਾ ਹੈ। ਅੱਜ ਤੋਂ ਇੱਕ ਸੌ ਤੇਰਾਂ ਵਰ੍ਹੇ ਪਹਿਲੰ 1907 ਵਿੱਚ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਨੇ 'ਪਗੜੀ ਸੰਭਾਲ ਜੱਟਾ' ਮੁਹਿੰਮ ਹੇਠ ਕਿਸਾਨੀ ਮੰਗਾਂ ਲਈ ਅਜਿਹਾ ਸੰਘਰਸ਼ ਵਿੱਢਿਆ ਕਿ ਸਿਆਲ ਦੀਆਂ ਰਾਤਾਂ ਵਿੱਚ ਬੇਖੌਫ ਨੱਕੇ ਵੱਢ ਕੇ ਹੇਕਾਂ ਲਾਉਣ ਵਾਲਾ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਗਿਆ। 'ਪਗੜੀ ਸੰਭਾਲ ਜੱਟਾ' ਲਹਿਰ ਇਨਕਲਾਬੀ ਕਵੀ ਲਾਲਾ ਬਾਂਕੇ ਦਿਆਲ (1880-1929) ਦੇ ਗੀਤ ਦੇ ਆਧਾਰ 'ਤੇ ਵਿੱਢੀ ਗਈ ਸੀ। ਇਸ ਦੇ ਬੋਲ ਸਨ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ। ਫਸਲਾਂ ਨੂੰ ਖਾ ਗਏ ਕੀੜੇ, ਤਨ 'ਤੇ ਨਹੀਂ ਤੇਰੇ ਲੀੜੇ।' ਸ਼ਾਇਦ ਇਹ ਸੌ ਵਰ੍ਹੇ ਪਹਿਲਾਂ ਦਿੱਤੇ ਉਸੇ ਹੋਕੇ ਦਾ ਜਲਵਾ ਹੈ ਕਿ ਮਿੱਟੀ ਨਾਲ ਮਿੱਟੀ ਹੋਏ ਕਿਸਾਨ ਨੂੰ ਆਪਣੇ ਹੱਕਾਂ ਪ੍ਰਤੀ ਪੈਦਾ ਡਾਕੇ ਅਤੇ ਕਿਸਾਨ ਤੇ ਕਿਸਾਨੀ ਵਿਰੋਧੀ ਸਾਜ਼ਿਸ਼ਾਂ ਪ੍ਰਤੀ ਸੁਚੇਤ ਰਹਿਣ ਦਾ ਵੀ ਇਲਮ ਰਿਹਾ ਹੈ।

ਸਿੱਖ ਇਤਿਹਾਸ ਦੇ ਨਾਲ ਖੱਬੇ ਪੱਖੀ ਧਿਰਾਂ ਵੱਲੋਂ ਸਮੇਂ ਸਮੇਂ ਪੰਜਾਬ ਦੀ ਕਿਸਾਨੀ ਦੀ ਫੜੀ ਜਾ ਰਹੀ ਬਾਂਹ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਰੂਸ ਵਿੱਚ ਲੈਨਿਨ ਵੱਲੋਂ ਕੀਤੇ ਕਿਸਾਨ ਹਿੱਤਾਂ ਦੇ ਸੰਘਰਸ਼ ਅਤੇ ਚੀਨ ਵਿੱਚ ਮਾਓ ਜ਼ੇ ਤੁੰਗ ਦੀ ਵਿਚਾਰਧਾਰਾ ਨੇ ਪੰਜਾਬ ਅੰਦਰ ਕਮਿਊਨਿਸਟ ਧਿਰਾਂ ਦੀਆਂ ਇਨਕਲਾਬੀ ਤਾਕਤਾਂ ਨੂੰ ਇਸ ਕਦਰ ਵੰਗਾਰਿਆ ਕਿ ਅੱਜ ਤੱਕ ਦੇ ਕਿਸਾਨ ਸੰਘਰਸ਼ ਵਿੱਚ ਇਹ ਧਿਰਾਂ ਸਮਰੱਥਾ ਅਨੁਸਾਰ ਯੋਗਦਾਨ ਪਾ ਰਹੀਆਂ ਹਨ। ਪੰਜਾਬ ਅੰਦਰ ਕਦੇ ਪੈਪਸੂ ਮੁਜ਼ਾਰਾ ਘੋਲ ਤੇ ਕਦੇ ਹੋਰ ਲਹਿਰਾਂ ਕਿਸਾਨਾਂ ਨੂੰ ਆਪਣੇ ਮੌਲਿਕ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਹੱਕਾਂ ਦੇ ਲਈ ਸੰਘਰਸ਼ ਵਿੱਢਣ ਲਈ ਮਾਰਗ ਦਰਸ਼ਕ ਸਾਬਤ ਹੋਈਆਂ। ਇਹ ਵੱਖਰਾ ਪੱਖ ਹੈ ਕਿ ਕਿਸਾਨ ਨੂੰ ਵੋਟ ਬੈਂਕ ਦੀ ਭੇਟਾ ਚਾੜ੍ਹ ਕੇ ਇਨ੍ਹਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਨ ਦੀ ਥਾਂ ਖੇਤਰੀ ਧਿਰਾਂ ਇਸ ਨੂੰ ਸਿਆਸੀ ਢਾਲ ਵਾਂਗ ਵਰਤਦੀਆਂ ਰਹੀਆਂ ਹਨ। ਅੱਜ ਤਵਾਰੀਖ ਮੁੜ ਆਪਾ ਦੁਹਰਾ ਰਹੀ ਹੈ। ਦੱਬਿਆ-ਲਿਤਾੜਿਆਂ ਕਿਸਾਨ ਸਰ ਛੋਟੂ ਰਾਮ (24 ਨਵੰਬਰ 1981-9 ਜਨਵਰੀ 1945) ਦੇ ਉਸ ਖਵਾਬ ਨੂੰ ਹਕੀਕਤ ਬਣਾਉਣ ਦਾ ਸੰਕਲਪ ਲੈ ਰਿਹਾ ਹੈ ਜਿਸ ਤਹਿਤ ਉਨ੍ਹਾਂ ਨੇ ਕਿਸਾਨਾਂ ਨੂੰ ਗੁਲਾਮੀ ਛੱਡ ਕੇ ਮਾਲਕ ਬਣਨ ਦਾ ਹਲੂਣਾ ਦਿੱਤਾ ਸੀ। ਸਰ ਛੋਟੂ ਰਾਮ ਨੇ ਸੰਘਰਸ਼ ਕਰਦੇ ਕਿਸਾਨਾਂ ਨੂੰ ਰਾਹਤ ਦਿੰਦਿਆਂ ਦੋ ਸਤੰਬਰ 1938 ਨੂੰ ਸ਼ਾਹੂਕਾਰ ਰਜਿਸਟਰੇਸ਼ਨ ਐਕਟ 1938 ਲਾਗੂ ਕੀਤਾ ਸੀ। ਇਸ ਹੇਠ ਵਿਵਸਥਾ ਕੀਤੀ ਗਈ ਸੀ ਕਿ ਕੋਈ ਸ਼ਾਹੂਕਾਰ ਬਿਨਾਂ ਰਜਿਸਟਰੇਸ਼ਨ ਦੇ ਕਿਸੇ ਨੂੰ ਕਰਜ਼ਾ ਨਹੀਂ ਦੇ ਪਾਵੇਗਾ ਤੇ ਨਾ ਕਿਸਾਨਾਂ 'ਤੇ ਕੇਸ ਕਰ ਸਕੇਗਾ। ਸਰ ਛੋਟੂ ਰਾਮ ਦੀ ਬਦੌਲਤ 'ਗਿਰਵੀ ਜ਼ਮੀਨਾਂ ਦੀ ਮੁਫਤ ਵਾਪਸੀ ਐਕਟ 1938' ਬਣਿਆ ਸੀ। ਇਸ ਐਕਟ ਦੇ ਜ਼ਰੀਏ ਜੋ ਜ਼ਮੀਨਾਂ ਅੱਠ ਜੂਨ 1901 ਤੋਂ ਬਾਅਦ ਕੁਰਕੀ ਨਾਲ ਵੇਚੀਆਂ ਗਈਆਂ, ਉਹ ਸਾਰੀਆਂ ਕਿਸਾਨਾਂ ਨੂੰ ਮੁਫਤ ਦਿਵਾਈਆਂ ਗਈਆਂ ਸਨ। ਇਹ ਵੀ ਸਮੇਂ ਦਾ ਸੱਚ ਹੈ ਕਿ ਕਿਸਾਨ ਸੰਘਰਸ਼ ਨੂੰ ਸਿਆਸੀ ਮਿਲਾਵਟ ਹਮੇਸ਼ਾ ਖੋਰਾ ਲਾਉਂਦੀ ਰਹੀ ਹੈ।

ਅੱਜ ਕਿਸਾਨ ਇਸ ਪ੍ਰਤੀ ਕਾਫੀ ਹੱਦ ਤੱਕ ਜਾਗਰੂਕ ਨਜ਼ਰ ਜ਼ਰੂਰ ਆ ਰਿਹਾ ਹੈ, ਪਰ ਸੰਘਰਸ਼ ਅਜੇ ਵੀ ਦੂਰ ਅੰਦੇਸ਼ੀ ਭਰਪੂਰ ਤਿਆਗ ਭਾਵਨਾ ਦਾ ਸਹਿਯੋਗ ਮੰਗਦਾ ਹੈ। ਅਜਿਹਾ ਕਰਨ 'ਤੇ ਹੀ ਉਨ੍ਹਾਂ ਕਿਰਤੀ ਲੋਕਾਂ ਨੂੰ ਸੁਖਾਲਾ ਹੱਕ ਮਿਲੇਗਾ, ਜੋ ਘਰ ਬਾਰ ਛੱਡ ਕੇ ਸੜਕਾਂ 'ਤੇ ਰਾਤਾਂ ਕੱਟ ਰਹੇ ਹਨ। ਉਨ੍ਹਾਂ ਮਾਵਾਂ-ਭੈਣਾਂ ਤੇ ਧੀਆਂ ਦੀਆਂ ਚਿੱਟੀਆਂ ਚੁੰਨੀਆਂ ਨੂੰ ਵੀ ਇਨਸਾਫ ਮਿਲ ਸਕਦਾ ਹੈ ਜਿਨ੍ਹਾਂ ਦੀਆਂ ਹੋਲੀਆਂ ਤੇ ਦੀਵਾਲੀਆਂ ਨੂੰ ਸੂਫ ਮੱਸਿਆ ਡਕਾਰ ਗਈ ਹੈ। ਉਨ੍ਹਾਂ ਮਾਸੂਮ ਬੱਚਿਆਂ ਨਾਲ ਇਨਸਾਫ ਹੋਵੇਗਾ, ਜੋ ਭੁੱਖਣ-ਭਾਣੇ ਕੁੱਲੀਆਂ 'ਚ ਭਵਿੱਖ ਤਲਾਸ਼ ਰਹੇ ਹਨ। ਪੰਜਾਬ ਦੇ ਜੰਮਿਆਂ ਹਿੱਸੇ ਭਾਵੇਂ ਨਿੱਤ ਮੁਹਿੰਮਾਂ ਆਈਆਂ ਹਨ, ਪਰ ਇਸ ਤਾਜ਼ਾ ਮੁਹਿੰਮ ਤੋਂ ਅੱਜ ਹਰ ਕਿਰਤੀ ਆਸਵੰਦ ਹੈ ਕਿ ਦਿੱਲੀ ਦੇ ਕਿੰਗਰੇ ਢਾਹੁਣ ਵਾਲੇ ਇਸ ਸੰਘਰਸ਼ ਨੂੰ ਜ਼ਰੂਰ ਬੂਰ ਪੈ ਸਕਦਾ ਹੈ। ਚੰਗਾ ਹੋਵੇ ਜੇ ਇਸ ਮਸਲੇ ਦਾ ਸੁਖਾਵਾਂ ਹੱਲ ਨਿਕਲ ਆਵੇ। ਆਮੀਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## -ਹਲਕਾ ਫੁਲਕਾ-

ਪਿਤਾ, ''ਬੇਟਾ, ਇਸ ਦਾ ਕੀ ਸਬੂਤ ਹੈ ਕਿ ਤੂੰ ਦੰਡ ਪੇਲਣ ਅਖਾੜੇ 'ਚ ਗਿਆ ਸੀ?''

ਬੇਟਾ, ''ਇਹ ਦੇਖੋ, ਉਥੋਂ ਦੀ ਲਾਲ ਮਿੱਟੀ।''

ਪਿਤਾ, ''ਸ਼ਾਬਾਸ਼! ਅੱਗੋਂ ਤੂੰ ਦੱਸ ਬੇਟੀ, ਅੱਜ ਕੰਪਿਊਟਰ ਦੀ ਕਲਾਸ 'ਚ ਗਈ ਸੀ?''

ਬੇਟੀ, ''ਜੀ ਹਾਂ, ਗਈ ਸੀ। ਇਹ ਦੇਖੋ ਸਬੂਤ ਦੇ ਤੌਰ 'ਤੇ ਉਥੋਂ ਦੇ ਕੰਪਿਊਟਰ ਦਾ ਮਾਊਸ।''

*********

ਪੁਲਸ ਅਧਿਕਾਰੀ (ਸਿਪਾਹੀ ਨੂੰ), ''ਤੂੰ ਚੋਰ ਨੂੰ ਫੜਿਆ ਕਿਉਂ ਨਹੀਂ?''

ਸਿਪਾਹੀ ਨੇ ਜਵਾਬ ਦਿੱਤਾ, ''ਕੀ ਕਰਾਂ ਸਰ। ਜਿਸ ਘਰ ਵਿੱਚ ਚੋਰ ਵੜਿਆ ਸੀ, ਉਸ ਦੇ ਦਰਵਾਜ਼ੇ 'ਤੇ ਲਿਖਿਆ ਸੀ-ਅੰਦਰ ਆਉਣਾ ਮਨ੍ਹਾ ਹੈ।''

# ਪਹਿਲੀ ਉਦਾਸੀ ਉੱਤੇ ਨਾਨਕ ਦਾ ਤੁਰਨ ਵੇਲਾ

-ਮਨਮੋਹਨ ਸਿੰਘ ਦਾਊਂ

ਲੋਧੀ ਦੇ ਸੁਲਤਾਨਪੁਰ 'ਚ ਗੱਲਾਂ ਹੋਣ ਲੱਗੀਆਂ, ਨਾਨਕ ਬਾਰੇ। ਬੇਬੇ ਨਾਨਕੀ ਦਾ ਭਰਾ ਫਕੀਰ ਬਣ ਗਿਆ। ਸਾਧੂ ਰੂਪੀ ਹੋ ਗਿਆ। ਇੱਕ ਮਰਾਸੀ ਡੂਮ ਮਰਦਾਨਾ ਉਸ ਦਾ ਸੰਗ ਕਰਨ ਲੱਗ ਪਿਆ। ਦੋਸਤੀ ਗੰਢੀ ਗਈ। ਰਬਾਬ ਵਜਾਉਣ ਨੂੰ ਕਹਿੰਦਾ, ਨਾਨਕ ਤਾਂ ਜੋਗੀ ਤੇ ਲਟਬੌਰਾ ਹੋਇਆ ਲੱਗਦਾ।

ਮੋਦੀਖਾਨੇ ਦਾ ਲੇਖਾ-ਜੋਖਾ ਨਿਪਟ ਗਿਆ ਹੈ। ਨਾਨਕ ਨੇ ਆਪਣੇ ਖਾਤੇ ਦੇ ਵਾਧੂ ਨਿਕਲੇ ਪੈਸੇ ਲੋੜਵੰਦਾਂ ਵਿੱਚ ਵੰਡ ਦਿੱਤੇ ਹਨ। ਨੌਕਰੀ ਤਿਆਗ ਦਿੱਤੀ ਹੈ। ਬੱਚਿਆਂ ਦਾ ਕੀ ਹੋਊ? ਭੈਣ ਨਾਨਕੀ ਨੂੰ ਔਕੜ ਝੱਲਣੀ ਪੈਣੀ। ਜੈ ਰਾਮ ਕਿੰਨਾ ਕੁ ਚਿਰ ਨਵਾਬ ਦੌਲਤ ਖਾਂ ਨੂੰ ਤਸੱਲੀ ਦੇ ਸਕਦਾ ਹੈ। ਗ੍ਰਿਹਸਥੀ ਨਾਨਕ ਦਾ ਕੀ ਬਣੂ। ਸੁਲਤਾਨਪੁਰ ਦੀਆਂ ਗਲੀਆਂ 'ਚ ਸੱਥਾਂ 'ਚ ਨਾਨਕ ਵੱਲੋਂ ਮੋਦੀ ਦੀ ਨੌਕਰੀ ਛੱਡ ਦੇਣ ਬਾਰੇ ਗੱਲਾਂ ਸੁਲਗਦੀਆਂ ਰਹੀਆਂ।

ਨਾਨਕ ਦੀ ਚੁੱਪ ਡੂੰਘੀ ਸੀ। ਮਰਦਾਨਾ ਰਬਾਬ ਨੂੰ ਸਾਂਭ-ਸਾਂਭ ਰੱਖ ਰਿਹਾ ਸੀ। ਤੰਤੀ ਤਾਰਾਂ ਨੂੰ ਕੰਨੀਂ ਲਾਉਂਦਾ। ਪੋਟਿਆਂ ਨਾਲ ਟੁਣਕਾਉਂਦਾ, ਅੱਖਾਂ ਮੀਟ ਲੈਂਦਾ। ਬੇਬੇ ਨਾਨਕੀ ਵੱਲੋਂ ਦਿੱਤੀ ਰਬਾਬ ਮਰਦਾਨੇ ਲਈ ਇੱਕ ਮੁਕੱਦਸ ਸਾਜ਼ ਨਾਲੋਂ ਰੂਹ ਦਾ ਸਾਥ ਬਣ ਗਈ ਸੀ। ਕਿਸੇ ਨੂੰ ਨਹੀਂ ਸੀ ਪਤਾ ਕਿ ਨਾਨਕ ਸੁਲਤਾਨਪੁਰ ਤੋਂ ਵਿਦਾ ਹੋਣ ਵਾਲਾ ਹੈ। ਘਰ ਬਾਰ ਕੌਣ ਤਿਆਗਦਾ ਹੈ? ਮੋਹ ਦੀਆਂ ਤੰਦਾਂ ਤੋਂ ਮੁਕਤ ਹੋਣਾ ਸੌਖਾ ਨਹੀਂ। ਇੱਕ ਬਾਲ (ਲਖਮੀ ਦਾਸ) ਅਜੇ ਸੁਲੱਖਣੀ ਦੀ ਗੋਦਿਓਂ ਲੱਥਿਆ ਤੇ ਦੂਜਾ ਬਾਲ (ਸ੍ਰੀ ਚੰਦ) ਅਜੇ ਖੇਡਣ ਦੀ ਰੁੱਤੇ ਤੁਰਨਾ ਹੀ ਸਿੱਖਿਆ। ਬਾਲਕ ਮਾਂ ਦਾ ਸਾਥ ਕਿਵੇਂ ਛੱਡਣ ਤੇ ਪਿਤਾ ਦੇ ਪਿਆਰ ਨੂੰ ਲੋਚਣ। ਪਤਨੀ ਨੂੰ ਸਿਰ ਦੇ ਸਾਈਂ ਬਿਨਾਂ ਢੋਈ ਔਖੀ।

ਲੋਕਾਂ ਦੀਆਂ ਜੀਭਾਂ ਕਿਸੇ ਨੂੰ ਵੀ ਨਹੀਂ ਬਖਸ਼ਦੀਆਂ। ਕੰਧਾਂ ਵੀ ਬੋਲਣ ਲੱਗ ਜਾਂਦੀਆਂ ਹਨ। ਆਪਣਾ ਕੱਦ ਵੱਡਾ ਅਤੇ ਦੂਜੇ ਨੂੰ ਨੀਵਾਂ ਕਰਨਾ ਸਮਿਆਂ ਦੀ ਫਿਤਰਤ ਰਹੀ ਹੈ। ਜਿੰਨੇ ਮੂੰਹ ਉਤਨੀਆਂ ਗੱਲਾਂ। ਸੁਲੱਖਣੀ ਸਭ ਕੁਝ ਸੁਣਦੀ। ਕਦੇ-ਕਦੇ ਤਕਦੀਰ ਨੂੰ ਕੋਸਦੀ। ਸੋਚਣ ਲੱਗਦੀ। ਬੱਚਿਆਂ ਦਾ ਕੀ ਹੋਊ? ਜੀਵਨ ਪੈਂਡਾ ਬੜਾ ਲੰਮਾ ਪਿਆ ਹੈ।

ਡੂੰਘੇ ਪਾਣੀਆਂ ਦੀ ਹਾਕ ਕਿਸ ਨੂੰ ਸੁਣਦੀ। ਦਰਦ ਦੇ ਸਾਗਰ ਨੂੰ ਕੌਣ ਕੰਨ ਲਾਉਂਦਾ। ਬੇਬੇ ਨਾਨਕੀ ਦਿਲਾਸਾ ਦਿੰਦੀ। ਘਰ ਦੀ ਵੁੱਕਤ ਨੂੰ ਬਣਾਈ ਰੱਖਣ ਦੇ ਯਤਨ ਕਰਦੀ। ਜੈ ਰਾਮ ਕੋਲ ਨਵਾਬ ਦੌਲਤ ਖਾਂ ਅੱਗੇ ਹੱਥ ਜੋੜਨ ਤੇ ਭਰੋਸਾ ਦੁਆਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਦੂਜੇ ਬੰਨੇ ਦੌਲਤ ਖਾਂ ਤੇ ਕਾਜ਼ੀ ਅੰਦਰੋਂ-ਅੰਦਰੀ ਨਾਨਕ ਦੀ ਦਿੱਬ-ਦ੍ਰਿਸ਼ਟੀ ਤੇ ਸੱਚ ਅੱਗੇ ਸ਼ਰਮਿੰਦਾ ਹੋ ਰਹੇ ਸਨ। ਦੌਲਤ ਖਾਂ ਨੂੰ ਸਮਝ ਆ ਗਈ ਸੀ ਕਿ ਨਾਨਕ ਦੀ ਬਦਖੋਈ ਕਰਨ ਵਾਲੇ ਨਿੰਦਕ ਹਨ। ਚੁਗਲਖੋਰ ਹਨ, ਹਿਤੈਸ਼ੀ ਨਹੀਂ। ਸੱਚ ਸੁਣਨਾ ਤੇ ਸੱਚ ਪਰਖਣਾ ਬੜਾ ਔਖਾ। ''ਨਾਨਕ 'ਚ ਰੱਬੀ ਜੋਤ ਹੈ। ਉਸ ਦਾ ਵੇਂਈ ਵਿੱਚੋਂ ਉਦੈ ਹੋ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਮਨੁੱਖਤਾ ਨੂੰ ਸਿੱਧੇ ਰਸਤੇ ਪਾਉਣ ਵਾਲਾ ਹੈ।'' ਦੌਲਤ ਖਾਂ ਹੱਥੋਂ 'ਤੇਰਾ ਤੇਰਾ' ਜਪਣ ਵਾਲਾ ਸਾਦਿਕ ਨਿਕਲ ਚੁੱਕਿਆ ਸੀ। ਨਾਨਕ ਦਾ ਫੈਸਲਾ ਤਾਂ ਅਟੱਲ ਸੀ। ਵਪਾਰਕ ਮਾਇਆ ਠੀਕਰੀਆਂ ਸਮਾਨ ਸੀ। ਅਗਲੇ ਪੈਂਡਿਆਂ ਦਾ ਵਣਜ ਚਾਨਣਵੰਤਾ ਸੀ।...

ਮੋਦੀਖਾਨੇ 'ਚ ਸੁੰਨ ਸੀ। ਵਸਤਾਂ ਬੇਅਰਥ ਲੱਗ ਰਹੀਆਂ ਸਨ। ਤੱਕੜੀ ਤੇ ਸਿਲ-ਵੱਟੇ ਨਾਨਕ ਦੀ ਛੂਹ ਲਈ ਤਰਸ ਰਹੇ ਸਨ। ਗੱਲੇ ਵਾਲੀ ਸੰਦੂਕੜੀ ਉਦਾਸ ਸੀ।

ਲੋੜਵੰਦਾਂ ਦਾ ਦਾਨੀ ਆਪਣੇ ਪਿੱਛੇ ਸਭ ਕੁਝ ਛੱਡ ਆਇਆ ਸੀ। ਚਾਨਣ ਦੀ ਕਾਤਰ ਅੱਗੇ ਕੂੜ ਹਾਰ ਗਿਆ ਸੀ। ਪ੍ਰਸ਼ਨ ਰਹਿਤ ਹੋ ਗਏ ਸਨ। ਸੁਲਤਾਨਪੁਰ 'ਚ ਚੌਦਾਂ ਕੁ ਵਰ੍ਹਿਆਂ ਦੀ ਠਹਿਰ ਨਾਨਕ ਦੀ ਤਪੱਸਿਆ ਦੀ ਕਮਾਈ ਸੀ। ਬ੍ਰਹਮ ਦਾ ਗਿਆਨ ਪ੍ਰਕਾਸ਼ ਬਣਨ ਲੋਚਦਾ ਸੀ। ਚੌਂਹ-ਕੁੰਟਾਂ 'ਚ ਫੈਲਣ ਲਈ ਕਾਦਰ ਪੁਕਾਰ ਰਿਹਾ ਸੀ। ਆਲਮ ਤੜਪ ਰਿਹਾ ਸੀ। ਅੱਗ ਦਾ ਸੇਕ ਜਗਤ ਨੂੰ ਲੂਸ ਰਿਹਾ ਸੀ। ਕੋਈ ਸ਼ਾਂਤੀ ਦਾ ਪੁੰਜ ਲੋੜੀਂਦਾ ਸੀ। ਵੇਲਾ ਆ ਗਿਆ ਸੀ, ਕਿਸੇ ਪਰ-ਉਪਕਾਰੀ ਦਾ ਖੜਾਵਾਂ ਪਾ ਤੁਰਨ ਦਾ।

ਸੁਲਤਾਨਪੁਰ 'ਚ ਅੱਜ ਪਹਿਲਾਂ ਵਾਂਗ ਹੀ ਸੂਰਜ ਪੂਰਬ ਤੋਂ ਚੜ੍ਹਿਆ ਸੀ, ਪਹੁ-ਫੁਟਾਲਾ ਹੋਇਆ ਸੀ। ਇੱਕ ਹੋਰ ਸੂਰਜ ਉਦੈ ਹੋਣਾ ਸੀ। ਪੂਰਬ ਦਿਸ਼ਾ ਨੂੰ ਹੋਰ ਚਾਨਣ ਦੀ ਲੋੜ ਸੀ। ਕਿਸੇ ਦੀ ਉਡੀਕ ਸੀ। ਬਹੁਤ ਲੰਮੇ ਪੈਂਡੇ ਲਈ ਬਹੁਤ ਵਰ੍ਹਿਆਂ ਦਾ ਪੰਧ ਤੈਅ ਕਰਨਾ ਸੀ।

ਇੱਕ ਅਸਥਾਨ ਤੋਂ ਅਲਵਿਦਾ ਲੈਣੀ ਸੀ। ਅਨੇਕ ਥਾਵਾਂ ਨੂੰ ਢੂੰਡਣ ਜਾਣਾ ਸੀ। ਪੈਰਾਂ ਥੱਲੇ ਅਮੁੱਕ ਸਫਰਾਂ ਦੀਆਂ ਪੈੜਾਂ ਨੇ ਚਾਨਣ ਬਣਨਾ ਸੀ। ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਹੋਣ ਵਾਲਾ ਹੈ। ਨਾਨਕ ਤੇ ਮਰਦਾਨਾ ਦੀ ਗੁਫਤਗੂ ਨੇ ਫੈਸਲਾ ਕਰ ਲਿਆ ਸੀ। ਲੰਮੇ ਪੈਂਡਿਆਂ ਦਾ ਸਾਥ ਦੋਸਤੀ 'ਚ ਬਦਲਣਾ ਸੀ।

ਆਖਰ ਨਾਨਕ ਨੇ ਘਰੋਂ ਬਾਹਰ ਪੈਰ ਰੱਖਿਆ। ਦਹਿਲੀਜ਼ ਨੇ ਵਿਛੋੜੇ ਦਾ ਘੁੱਟ ਭਰਿਆ। ਨਾਨਕ ਨੇ 'ਸਤਿ ਕਰਤਾਰ' ਸ਼ਬਦ ਉਚਾਰੇ। ਸੁਲੱਖਣੀ ਖਾਮੋਸ਼ ਸੀ। ਕੁਝ ਨਾ ਕਹਿ ਸਕੀ। ਸਬਰ ਦਾ ਘੁੱਟ ਭਰਿਆ। ਨਾਨਕ ਨੇ ਦੋਵੇਂ ਬਾਲਕਾਂ ਵੱਲ ਨਜ਼ਰ ਮਾਰੀ। ਦਾਤਾ ਆਪਣੀ ਦਾਤ ਨੂੰ ਆਪ ਹੀ ਸੰਭਾਲੇਗਾ। ਉਹੀ ਸਗਲ ਦਾ ਪਾਲਣਹਾਰ ਹੈ।

ਘਰ ਚੁੱਪ ਦੀ ਚਾਦਰ 'ਚ ਲਿਪਟ ਗਿਆ ਸੀ। ਬੇਬੇ ਨਾਨਕੀ ਨੇ ਨਦਰੀ ਪੈਂਡਿਆਂ 'ਤੇ ਤੁਰਨ ਵਾਲੇ ਵੀਰ ਨਾਨਕ ਨੂੰ ਕੁਝ ਵਾਅਦੇ ਪੂਰਨ ਲਈ ਅਰਜ਼ੋਈ ਕੀਤੀ। ਭੈਣ ਪਿਆਰ ਅੱਗੇ ਭਰਾ ਦਾ ਸਿਰ ਝੁਕਿਆ। ਸਮੇਂ ਨੂੰ ਕੌਣ ਰੋਕੇ।

ਮਰਦਾਨੇ ਨੇ ਰਬਾਬ ਨੂੰ ਇਲਾਹੀ ਅਮਾਨਤ ਵਾਂਗ ਮੋਢੇ ਨੂੰ ਲਾ ਲਿਆ ਤੇ ਝੁਕ ਕੇ ਆਦਾਬ ਕੀਤਾ।

ਜੈ ਰਾਮ ਕੁਝ ਕਹਿਣ ਤੋਂ ਅਸਮਰੱਥ ਸੀ। ਜ਼ਿੰਮੇਵਾਰੀਆਂ ਦੇ ਅਹਿਸਾਸ ਨਾਲ ਉਹ ਹੋਰ ਵੀ ਨਿਮਰ ਹੋ ਗਿਆ ਸੀ। ਮੋਦੀਖਾਨੇ ਦੇ ਘਾਟੇ-ਵਾਧੇ ਦੀਆਂ ਗੱਲਾਂ ਅਤੇ ਚੁਗਲੀਆਂ ਤੋਂ ਸੁਰਖਰੂ ਹੋ ਗਿਆ ਸੀ। ਦੌਲਤ ਖਾਂ ਨਾਲ ਉਸ ਦਾ ਸੰਬੰਧ ਹੋਰ ਗੂੜ੍ਹਾ ਹੋ ਗਿਆ ਸੀ।

ਦੌਲਤ ਖਾਂ ਦੀ ਬੇਨਤੀ ਨੂੰ ਨਾਨਕ ਦੇ ਵਿਸਮਾਦੀ ਬੋਲਾਂ ਨੇ ਲਾ-ਜਵਾਬ ਕਰ ਦਿੱਤਾ ਸੀ। ਲੋਭ-ਲਾਲਚ ਦੀ ਸੀਮਾ ਮੁੱਕ ਚੁੱਕੀ ਸੀ। ਅਧਿਆਤਮ ਵਣਜ ਅੱਗੇ ਦੁਨਿਆਵੀ ਵਪਾਰ ਕਿੰਝ ਠਹਿਰ ਸਕਦਾ ਸੀ। ਪਛਤਾਵਾ ਕਰਨ ਦਾ ਵੇਲਾ ਵੀ ਕੁਝ ਨਹੀਂ ਕਰ ਸਕਦਾ। ਪਰਮਾਰਥ ਅੱਗੇ ਕਿਸ ਟਿਕਣਾ ਸੀ। ਉਦਾਸੀ ਦਾ ਰੂਪ ਬਣਿਆ ਦੌਲਤ ਖਾਂ ਖਿਮਾ ਦਾ ਪਾਤਰ ਬਣ ਗਿਆ ਸੀ। 'ਨਗਰੀ ਦਾ ਭਲਾ ਹੋਵੇ': ਨਾਨਕ ਦੇ ਬੋਲ ਸਨ। ਨਾਨਕ ਦੇ ਕਦਮ ਚਾਨਣ ਦੀ ਪੈੜ ਬਣਨ ਜਾ ਰਹੇ ਸਨ। ਕੁਝ ਵੀ ਨਾਲ ਲਿਆ ਨਹੀਂ ਸੀ, ਪਰ ਸਭ ਕੁਝ ਨਾਨਕ ਕੋਲ ਸੀ। ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਭੇਤ ਨਾਲ ਨਾਨਕ ਦੇ ਸ਼ਬਦਾਂ ਨੇ ਗੋਸ਼ਟੀ ਕਰਨੀ ਸੀ। ਸੰਗੀ ਮਰਦਾਨਾ ਪਿੱਛੇ ਹੋ ਤੁਰਿਆ। ਸੋਚੇ, ਵਚਨ ਤਾਂ ਪੂਰਾ ਕਰਨਾ ਹੀ ਪੈਣਾ। ਪੱਲੇ ਕੁਝ ਨਾ ਬੰਨ੍ਹਿਆ-ਬਸ ਰਬਾਬ ਹੀ ਨਾਲ ਸੀ। ਬੇਬੇ ਨਾਨਕੀ ਦੀ ਦਿੱਤੀ ਦਾਤ। ਦੇਹੀ ਨੇ ਸੰਗੀਤ ਦਾ ਜਾਮਾ ਪਹਿਨ ਲਿਆ ਸੀ।

ਸ਼ਬਦ ਤੇ ਰਬਾਬ ਦੀ ਦੋਸਤੀ ਦੀ ਪ੍ਰੀਖਿਆ ਹੋਣ ਚੱਲੀ ਸੀ। ਸੁਲਤਾਨਪੁਰ ਦੇ ਬਿਰਖਾਂ, ਬੂਟਿਆਂ, ਖੇਤਾਂ, ਥਾਵਾਂ ਤੇ ਪ੍ਰਕਿਰਤੀ ਨੂੰ ਨਾਨਕ ਨੇ ਨਿਹਾਰਿਆ। ਪੰਛੀਆਂ ਦਾ ਚਹਿਕਣਾ ਕੰਨੀ ਗੂੰਜਿਆ। ਕਿੰਨਾ ਕੁਝ ਸੀ, ਜੋ ਸਾਹਾਂ ਵਿੱਚ ਵਸਿਆ ਹੋਇਆ ਸੀ। ਪਿਛਾਂਹ ਤਿਆਗਣਾ ਸੀ, ਅਗਾਂਹ ਤੁਰਨਾ ਸੀ। ਨਾਨਕ ਨੇ ਵੇਈਂ ਦੇ ਵਗ ਰਹੇ ਨੀਰ ਨਾਲ ਖਾਮੋਸ਼ ਗੁਫਤਗੂ ਕੀਤੀ। ਪਾਣੀ ਉਦਾਸ ਹੋਇਆ ਤੇ ਹੱਸਿਆ। ਲੀਨਤਾ ਨਾਲ ਮੂਲ-ਮੰਤਰ ਦਾ ਚਿਤਵਨ ਕੀਤਾ। ਚਾਨਣ ਦੀ ਲੀਕ ਉਭਰੀ ਤੇ ਖਿੰਡ ਗਈ। ਅੰਬਰ ਦੀ ਨੀਲੱਤਣ ਵੇਈਂ ਦੇ ਪਾਣੀਆਂ ਵਿੱਚ ਘੁਲ ਗਈ। ਵੇਈਂ ਦੇ ਕੰਢੇ ਪਵਿੱਤਰ ਹੋ ਗਏ। ਉਸ ਨੂੰ ਆਪਣੇ ਮਹਿਰਮ ਦੀ ਛੂਹ ਯਾਦ ਆਈ। ਵੇਈਂ ਦੀ ਬੋਲੀ, ਨਾਨਕ ਦੇ ਉਚਾਰੇ ਪਲੇਠੇ ਸਬਦਾਂ ਦਾ ਜਾਪ ਕਰਨ ਲੱਗੀ।

ਤੁਰੇ ਜਾਂਦੇ ਨਾਨਕ ਦੇ ਅੱਗੇ ਵੀ ਚਾਨਣ ਸੀ, ਪਿੱਛੇ ਵੀ ਚਾਨਣ ਸੀ, ਸੱਜੇ ਵੀ ਚਾਨਣ ਸੀ, ਖੱਬੇ ਵੀ ਚਾਨਣ ਸੀ। ਨਾਨਕ-ਮਰਦਾਨਾ ਚਾਨਣ ਦੇ ਵਣਜ ਲਈ ਪਹਿਲੀ ਉਦਾਸੀ 'ਤੇ ਤੁਰ ਪਏ ਸਨ। ਕਿਹੜਾ ਪਹਿਰ ਸੀ, ਕੀ ਸਮਾਂ ਸੀ, ਕਿਹੜਾ ਦਿਵਸ ਸੀ ਤੇ ਕਿਹੜੀ ਰੁੱਤ ਸੀ ਤੇ ਕਿਹੜਾ ਮੌਸਮ-ਕਿਆਸਣਾ ਮੁਸ਼ਕਲ ਸੀ। ਬੱਸ ਸਮਾਂ ਪ੍ਰਕਾਸ਼ ਬਣ ਗਿਆ ਸੀ।

''ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥''




KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

## ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.

House For Sale
$549,000



Oxford Rd 17- Fairway Rd

## 3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.

House For Sale
$689,000



Sandalwood Pkwy- Fernforest Dr

## ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale
$835,000



Mississauga Rd - Wanless Dr

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

# ਪੰਜਾਬੀਆਂ ਦੇ ਦਿੱਲੀ ਵੱਲ ਇਤਿਹਾਸਕ ਕੂਚ : 1783 ਅਤੇ 237 ਸਾਲ ਪਿੱਛੋਂ ਇਸ ਵਾਰ



–ਗੁਰਦੇਵ ਸਿੰਘ ਸਿੱਧੂ

ਹਕੂਮਤੀ ਧੱਕੇ ਅਤੇ ਜ਼ੁਲਮ ਖਿਲਾਫ ਸਿੱਖ ਗੁਰੂਆਂ ਵੱਲੋਂ ਵਿੱਢੇ ਸੰਘਰਸ਼ ਵਿੱਚ ਪੰਜਾਬੀ ਸਮਾਜ ਦੇ ਜਾਗਦੀ ਜ਼ਮੀਰ ਵਾਲੇ ਇਨਸਾਫ ਪਸੰਦ ਵਿਅਕਤੀਆਂ ਨੇ ਧਰਮ, ਜਾਤ ਆਦਿ ਦੇ ਵਿਤਕਰੇ ਤੋਂ ਉਪਰ ਉਠ ਕੇ ਉਨ੍ਹਾਂ ਦਾ ਸਾਥ ਦਿੱਤਾ। ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਿਸਲਾਂ ਦੇ ਸਮੇਂ ਉਪਰੋਕਤ ਲੱਛਣ ਬਰਕਰਾਰ ਰਿਹਾ।

14 ਜਨਵਰੀ 1764 ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਕੁਝ ਮਿਸਲਾਂ ਵੱਲੋਂ ਸਰਹੰਦ ਫਤਿਹ ਕਰ ਲੈਣ ਦੇ ਨਤੀਜੇ ਵਜੋਂ ਦਰਿਆ ਜਮਨਾ ਤੱਕ ਬਹੁਤ ਸਾਰਾ ਇਲਾਕਾ ਸਿੱਖ ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ। ਇਸੇ ਸਾਲ ਭਰਤਪੁਰ ਦੇ ਰਾਜਪੂਤ ਰਾਜੇ ਜਵਾਹਰ ਸਿੰਘ ਨੇ ਦਿੱਲੀ ਉੱਤੇ ਹਮਲਾ ਕਰਨ ਵਿੱਚ ਉਸ ਦੀ ਮਦਦ ਲਈ। ਦੋਵਾਂ ਦੇ ਸੈਨਿਕਾਂ ਨੇ ਦਿੱਲੀ ਨੂੰ ਘੇਰੇ ਵਿੱਚ ਲੈ ਲਿਆ, ਪਰ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਵੱਲ ਆਉਣ ਬਾਰੇ ਜਾਣ ਕੇ ਜੱਸਾ ਸਿੰਘ ਨੂੰ ਘੇਰਾ ਛੱਡ ਕੇ ਪੰਜਾਬ ਵਾਪਸ ਆਉਣਾ ਪਿਆ। ਦਸ ਸਾਲ ਪਿੱਛੋਂ ਕਰੋੜ ਸਿੰਘੀਆ ਮਿਸਲ ਦਾ ਬਘੇਲ ਸਿੰਘ ਦਿੱਲੀ ਤੋਂ ਖਾਲੀ ਹੱਥ ਨਹੀਂ ਮੁੜਿਆ। ਉਹ 18 ਜਨਵਰੀ 1774 ਨੂੰ ਸ਼ਾਹਦਰਾ ਪੁੱਜਾ ਤਾਂ ਮੁਗਲ ਬਾਦਸ਼ਾਹ ਨੇ ਸਾਰੇ ਸਿੱਖ ਸਰਦਾਰਾਂ ਨੂੰ ਖਿੱਲਤਾਂ ਪੇਸ਼ ਕੀਤੀਆਂ ਅਤੇ ਬਘੇਲ ਸਿੰਘ ਵੱਲੋਂ ਦੱਸੀਆਂ ਗਈਆਂ ਕੁਝ ਸ਼ਰਤਾਂ ਦੀ ਪਾਲਣਾ ਕਰਨਾ ਪ੍ਰਵਾਨ ਕੀਤਾ।

ਪੰਜਾਬੀਆਂ ਨੇ ਦਲ ਖਾਲਸਾ ਦੇ ਰੂਪ ਵਿੱਚ ਦਿੱਲੀ ਵੱਲ ਫੈਸਲਾਕੁਨ ਕੂਚ ਫਰਵਰੀ 1783 ਵਿੱਚ ਸ਼ੁਰੂ ਕੀਤਾ ਸੀ। ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਆਦਿ ਦੀ ਸਰਪ੍ਰਸਤੀ ਹੇਠ ਪੰਜਾਬੀ ਕਿਸਾਨਾਂ ਨੇ ਫੌਜੀ ਬਣ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਤੇ ਖੁਜਰਾ ਉੱਤੇ ਧਾਵਾ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਿੱਖ ਸਰਦਾਰ ਵੀ ਬਾਅਦ ਵਿੱਚ ਉਨ੍ਹਾਂ ਨਾਲ ਜਾ ਮਿਲੇ। ਗਿਆਨੀ ਗਿਆਨ ਸਿੰਘ ਅਨੁਸਾਰ ਜਿੱਤ ਪਿੱਛੋਂ ਇਨ੍ਹਾਂ ਆਗੂਆਂ ਵੱਲੋਂ ਚਾਦਰ ਵਿਛਾ ਕੇ ਹਰ ਸਰਦਾਰ ਨੂੰ ਗੁਰੂ ਦੇ ਨਾਂਅ ਦਾ ਦਸਵੰਧ ਕੱਢਣ ਦੀ ਅਪੀਲ ਕੀਤੇ ਜਾਣ ਉੱਤੇ ਇਕੱਠਾ ਹੋਇਆ ਇੱਕ ਲੱਖ ਰੁਪਈਆ ਸ੍ਰੀ ਹਰਿਮੰਦਰ ਸਾਹਿਬ ਲਈ ਭੇਜਿਆ ਗਿਆ। ਅਲੀਗੜ੍ਹ, ਟੂੰਡਲਾ, ਹਾਥਰਸ, ਸ਼ਿਕੋਹਾਬਾਦ ਅਤੇ ਫਾਰੂਖਾਬਾਦ ਨੂੰ ਜ਼ੇਰ ਕਰਨ ਪਿੱਛੋਂ ਇਸ ਪੰਜਾਬੀ ਦਲ ਖਾਲਸਾ ਨੇ ਮਾਰਚ ਦੇ ਆਰੰਭ ਵਿੱਚ ਦਿੱਲੀ ਵੱਲ ਮੂੰਹ ਕੀਤਾ।

ਅੱਠ ਮਾਰਚ 1783 ਨੂੰ ਉਹ ਦਿੱਲੀ ਤੋਂ ਉੱਤਰ ਵੱਲ 10 ਕੁ ਕੋਹ ਉੱਤੇ ਬੁਰਾੜੀ ਘਾਟ ਤੋਂ ਜਮਨਾ ਦਰਿਆ ਨੂੰ ਪਾਰ ਕਰਨ ਦੇ ਮਲਿਕਾਗੰਜ ਅਤੇ ਸਬਜ਼ੀ ਮੰਡ ਉੱਤੇ ਹਮਲਾਵਰ ਹੋਏ। ਕਿਲ੍ਹਾ ਮਹਿਤਾਬਪੁਰ ਨੇੜੇ ਸ਼ਾਹਜ਼ਾਦਾ ਮਿਰਜ਼ਾ ਸਕੋਹ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ, ਪਰ ਅਸਫਲ ਰਿਹਾ। ਅਗਲੇ ਦਿਨ ਅਜਮੇਰੀ ਦਰਵਾਜ਼ਾ ਅਤੇ ਹੌਜ਼ ਖਾਸ ਵੀ ਇਨ੍ਹਾਂ ਦੇ ਅਧਿਕਾਰ ਹੇਠ ਆ ਗਿਆ। 11 ਮਾਰਚ ਨੂੰ ਦਲ ਖਾਲਸਾ ਲਾਲ ਕਿਲ੍ਹੇ ਵਿੱਚ ਜਾ ਵੜਿਆ, ਮੁਗਲ ਬਾਦਸ਼ਾਹ ਸ਼ਾਹ ਆਲਮ ਤੇ ਕਿਲ੍ਹੇ ਦੇ ਹੋਰ ਵਾਸੀ ਉਸ ਦੇ ਅਹਿਲਕਾਰ ਇਧਰ ਉਧਰ ਲੁਕ ਗਏ। ਦਲ ਖਾਲਸਾ ਨੇ ਇਸ ਅਵਸਰ ਨੂੰ (ਨਵਾਬ) ਕਪੂਰ ਸਿੰਘ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਸੱਦੇ ਜਾਣ ਨੂੰ ਅਮਲੀ ਰੂਪ ਦੇਣ ਲਈ ਢੁਕਵਾਂ ਸਮਝ ਕੇ ਉਸ ਨੂੰ ਤਖਤ ਉੱਤੇ ਬਿਠਾਇਆ ਤੇ ਉਸ ਦੇ ਸਿਰ ਉੱਤੋਂ ਮੋਰ ਪੰਖ ਦਾ ਚੌਰ ਝੁਲਾਇਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਰਦਾਰਾਂ ਨੂੰ ਇਹ ਠੀਕਾ ਨਾ ਲੱਗਾ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ।

ਮੁਗਲ ਬਾਦਸ਼ਾਹ ਨੇ ਸਿੱਖਾਂ ਨਾਲ ਸੰਧੀ ਕਰਨ ਵਿੱਚ ਮਦਦ ਕਰਨ ਲਈ ਸਮਰੂ ਬੇਗ਼ਮ, ਜਿਸ ਦੀ ਸਿੱਖ ਸਰਦਾਰਾਂ ਨਾਲ ਨੇੜਤਾ ਬਾਰੇ ਸਾਰੇ ਜਾਣਦੇ ਸਨ, ਨੂੰ ਸੁਨੇਹਾ ਭੇਜਿਆ, ਉਹ 12 ਮਾਰਚ ਨੂੰ ਦਿੱਲੀ ਆ ਗਈ। ਉਸ ਦੀ ਵਿਚੋਲਗਿਰੀ ਸਦਕਾ ਮੁਗ਼ਲ ਬਾਦਸ਼ਾਹ ਅਤੇ ਸਿੱਖ ਸਰਦਾਰਾਂ ਵਿਚਾਲੇ ਸੰਧੀ ਦੀਆਂ ਸ਼ਰਤਾਂ ਤੈਅ ਹੋਣ ਲੱਗੀਆਂ। ਪੰਜਾਬੀਆਂ ਦੀ ਇੱਕੋ-ਇੱਕ ਸ਼ਰਤ ਦਿੱਲੀ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਢੁਕਵੀਆਂ ਇਮਾਰਤਾਂ ਦੀ ਉਸਾਰੀ ਕਰਨ ਦੀ ਸੀ। ਮੁਗ਼ਲ ਬਾਦਸ਼ਾਹ ਨੇ ਇਹ ਸ਼ਰਤ ਮੰਨ ਲਈ ਅਤੇ ਇਸ ਮਨੋਰਥ, ਸਮੇਤ ਇਸ ਸੇਵਾ ਲਈ ਦਿੱਲੀ ਠਹਿਰਨ ਵਾਲੇ ਪੰਜਾਬੀਆਂ ਦੇ ਖਰਚੇ ਦੀ ਪੂਰਤੀ ਵਾਸਤੇ ਲੋੜੀਂਦੀ ਧਨ ਰਾਸ਼ੀ ਦੇਣ ਲਈ ਦਿੱਲੀ ਸ਼ਹਿਰ ਦੀ ਚੁੰਗੀ ਵਜੋਂ ਉਗਰਾਹੇ ਹਰ ਰੁਪਏ ਵਿੱਚੋਂ ਛੇ ਆਨੇ ਦੇਣਾ ਪ੍ਰਵਾਨ ਕੀਤਾ। ਇਵਜ਼ ਵਿੱਚ ਸਿੱਖ ਸਰਦਾਰਾਂ ਨੇ ਪ੍ਰਵਾਨ ਕੀਤਾ ਕਿ :

* ਸਿੱਖ ਸੈਨਿਕਾਂ ਦੀ ਵੱਡੀ ਗਿਣਤੀ ਬਿਨਾਂ ਦੇਰੀ ਪੰਜਾਬ ਵਾਪਸ ਜਾਵੇਗੀ।
* ਬਘੇਲ ਸਿੰਘ ਚਾਰ ਹਜ਼ਾਰ ਸੈਨਿਕਾਂ ਸਮੇਤ ਦਿੱਲੀ ਠਹਿਰੇਗਾ ਅਤੇ ਆਪਣਾ ਟਿਕਾਣਾ ਸਬਜ਼ੀ ਮੰਡੀ ਵਿੱਚ ਰੱਖੇਗਾ।
* ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜਿੰਨੀ ਜਲਦੀ ਹੋ ਸਕੇ, ਚਲੰਤ ਸਾਲ ਦੇ ਖਾਤਮੇ ਤੋਂ ਪਹਿਲਾਂ, ਮੁਕੰਮਲ ਕੀਤੀ ਜਾਵੇਗੀ।
* ਰਾਜਧਾਨੀ ਵਿੱਚ ਠਹਿਰ ਦੌਰਾਨ ਸਿੱਖ ਕਿਸੇ ਨਾਲ ਦੁਰਵਿਹਾਰ ਨਹੀਂ ਕਰਨਗੇ।

ਸਮਝੌਤੇ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੱਖ ਸਰਦਾਰ ਪੰਜਾਬ ਨੂੰ ਮੁੜ ਗਏ, ਮੁਗ਼ਲ ਬਾਦਸ਼ਾਹ ਨੇ ਉਨ੍ਹਾਂ ਨੂੰ ਹੱਥ ਦਰਬਾਰ ਸਾਹਿਬ ਵਿੱਚ ਭੇਟ ਕਰਨ ਵਾਸਤੇ ਤਿੰਨ ਲੱਖ ਰੁਪਿਆ ਭੇਜਿਆ। ਚਾਰ ਹਜ਼ਾਰ ਸਾਥੀਆਂ ਦੇ ਦਲ ਨਾਲ ਦਿੱਲੀ ਰੁਕੇ ਬਘੇਲ ਸਿੰਘ ਨੇ ਆਪਣਾ ਸੇਵਾ ਕਾਰਜ ਸ਼ੁਰੂ ਕਰ ਦਿੱਤਾ। ਉਸ ਨੇ ਦਿੱਲੀ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਤ ਸੱਤ ਇਤਿਹਾਸਕ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਪਹਿਲਾ ਗੁਰਦੁਆਰਾ ਤੇਲੀਵਾੜਾ ਵਿੱਚ ਬਣਾਇਆ, ਜਿੱਥੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਰਹਿੰਦੇ ਰਹੇ ਸਨ। ਫਿਰ ਜੈਸਿੰਘਪੁਰਾ ਇਲਾਕੇ ਵਿੱਚ ਜੈਪੁਰ ਦੇ ਰਾਜੇ ਜੈ ਸਿੰਘ ਦੇ ਬੰਗਲੇ, ਜਿੱਥੇ ਦਿੱਲੀ ਠਹਿਰ ਦੌਰਾਨ ਗੁਰੂ ਹਰਿਕ੍ਰਿਸ਼ਨ ਜੀ ਨੇ ਨਿਵਾਸ ਕੀਤਾ ਸੀ, ਵਾਲੀ ਥਾਂ ਗੁਰਦੁਆਰਾ ਉਸਾਰਿਆ ਗਿਆ, ਜੋ ਅੱਜਕੱਲ੍ਹ ਬੰਗਲਾ ਸਾਹਿਬ ਦੇ ਨਾਂਅ ਨਾਲ ਪ੍ਰਸਿੱਧ ਹੈ। ਜਮਨਾ ਕਿਨਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਕੀਤੇ ਜਾਣ ਵਾਲੇ ਥਾਂ ਵੀ ਗੁਰਦੁਆਰਾ ਬਣਾਇਆ ਗਿਆ। ਦਿੱਲੀ ਵਿੱਚ ਦੋ ਸਥਾਨ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਸਨ, ਇੱਕ ਕੋਤਵਾਲੀ ਜਿੱਥੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਦੂਜਾ ਰਕਾਬਗੰਜ ਖੇਤਰ ਵਿੱਚ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ, ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਮੁਲਾਣਿਆਂ ਨੇ ਇਨ੍ਹਾਂ ਦੋਵਾਂ ਥਾਵਾਂ ਉਤੇ ਮਸਜਿਦਾਂ ਉਸਾਰ ਲਈਆਂ ਸਨ, ਪਰ ਬਘੇਲ ਸਿੰਘ ਨੇ ਸੂਝ ਬੂਝ ਨਾਲ ਉਨ੍ਹਾਂ ਦੇ ਇਤਰਾਜ਼ ਠੰਢੇ ਕੀਤੇ ਅਤੇ ਗੁਰਦੁਆਰਾ ਸਾਹਿਬਾਨ ਦੀ ਇਮਾਰਤ ਮੁਕੰਮਲ ਕਰਵਾਈ। ਗੁਰੂ ਨਾਨਕ ਤੇ ਗੁਰੂ ਹਰਿਗੋਬਿੰਦ ਜੀ ਦੀ ਚਰਨ ਛੋਹ ਪ੍ਰਾਪਤ ਮਜਨੂੰ ਕਾ ਟਿੱਲਾ ਅਤੇ ਮੋਤੀਬਾਗ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਉੱਤੇ ਵੀ ਗੁਰਦੁਆਰੇ ਉਸਾਰੇ ਗਏ। ਬਘੇਲ ਸਿੰਘ ਨੇ ਸੇਵਾ ਦਾ ਕੰਮ ਸਾਲ ਮੁੱਕਣ ਤੋਂ ਪਹਿਲਾਂ ਖਤਮ ਕਰ ਦਿੱਤਾ ਤੇ ਪੰਜਾਬ ਵਾਪਸੀ ਦੀ ਤਿਆਰੀ ਕਰ ਲਈ। ਮੁਗ਼ਲ ਬਾਦਸ਼ਾਹ ਨੇ ਬਘੇਲ ਸਿੰਘ ਨੂੰ ਮੁਲਾਕਾਤ ਦਾ ਸੱਦਾ ਦਿੱਤਾ ਤਾਂ ਸਰਦਾਰ ਨੇ ਮੁਲਾਕਾਤ ਲਈ ਤਿੰਨ ਸ਼ਰਤਾਂ ਰੱਖੀਆਂ: ਉਹ ਸਿੱਖ ਪੰਥ ਵੱਲੋਂ ਕਿਸੇ ਮੁਗ਼ਲ ਅੱਗੇ ਨਾ ਝੁਕਣ ਦੇ ਫੈਸਲੇ ਦਾ ਪਾਬੰਦ ਰਹੇਗਾ, ਬਾਦਸ਼ਾਹ ਨਾਲ ਮੁਲਾਕਾਤ ਸਮੇਂ ਦੂਜੇ ਸਿੱਖ ਸਰਦਾਰ ਉਸ ਦੇ ਨਾਲ ਹੋਣਗੇ ਅਤੇ ਲਾਲ ਕਿਲ੍ਹੇ ਵੱਲ ਆਉਂਦਿਆਂ ਰਾਹ ਵਿੱਚ ਕਿਸੇ ਨੂੰ ਉਨ੍ਹਾਂ ਬਾਰੇ ਕੋਈ ਭੱਦੀ ਟਿੱਪਣੀ ਕੀਤੀ ਤਾਂ ਸਹਿਣ ਨਹੀਂ ਹੋਵੇਗੀ। ਬਾਦਸ਼ਾਹ ਨੇ ਤਿੰਨੇ ਸ਼ਰਤਾਂ ਮੰਨ ਲਈਆਂ। ਨਿਸ਼ਚਿਤ ਦਿਨ ਹਾਥੀ ਉੱਤੇ ਬਘੇਲ ਸਿੰਘ ਅਤੇ ਸ਼ਿੰਗਾਰੇ ਘੋੜਿਆਂ ਉੱਤੇ ਸਵਾਰ ਸਿੱਖ ਸਰਦਾਰ ਲਾਲ ਕਿਲ੍ਹੇ ਪੁੱਜੇ ਅਤੇ ਦੀਵਾਨ-ਏ-ਆਮ ਵਿੱਚ ਮੁਗ਼ਲ ਬਾਦਸ਼ਾਹ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਸਿੱਖ ਸਰਦਾਰਾਂ ਦਾ ਸਵਾਗਤ ਕੀਤਾ। ਉਸ ਨੇ ਸਾਰਿਆਂ ਨੂੰ ਬਹੁਮੁੱਲੇ ਤੋਹਫੇ ਦੇ ਕੇ ਵਿਦਾਅ ਕੀਤਾ।

ਅੱਜਕੱਲ੍ਹ ਪੰਜਾਬੀਆਂ ਦੇ ਵਾਰਸ ਮੁੜ ਦਿੱਲੀ ਕੂਚ ਉਤੇ ਹਨ, ਪਰ ਇਹ ਉਨ੍ਹਾਂ ਵਾਂਗ ਭੋਲੇ ਨਹੀਂ। ਮੁਗ਼ਲ ਬਾਦਸ਼ਾਹ ਨੇ ਦੁਸ਼ਮਣ ਨੂੰ ਰਾਜਧਾਨੀ ਵਿੱਚ ਵੜਨ ਤੋਂ ਰੋਕਣ ਵਾਸਤੇ ਸ਼ਹਿਰ ਦੇ ਦੁਆਲੇ ਸੈਨਿਕ ਤੈਨਾਤ ਕਰ ਦਿੱਤੇ ਸਨ, ਪਰ ਲੋਕ ਰਾਜ, ਜਿਸ ਵਿੱਚ ਵੋਟ ਦੀ ਅਹਿਮੀਅਤ ਪੱਖੋਂ ਹਰ ਵੋਟਰ ਨੂੰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਹੋਰ ਵਿਸ਼ੇਸ਼ ਵਿਅਕਤੀ ਦੇ ਬਰਾਬਰ ਮੰਨਿਆ ਜਾਂਦਾ ਹੈ, ਹੁੰਦਿਆਂ ਇਨ੍ਹਾਂ ਵੋਟਰਾਂ ਨੂੰ ਇਨ੍ਹਾਂ ਦੇ ਘਰਾਂ ਦੇ ਬਾਹਰ ਹੀ ਰੋਕਣ ਦੀ ਮੋਰਚੇਬੰਦੀ ਕੀਤੀ ਗਈ। ਇਹ ਜਾਣਦੇ ਹਨ ਕਿ ਅਜੋਕੇ ਯੁੱਗ ਵਿੱਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੰਘਰਸ਼ ਲੜਨ ਲਈ ਭਾਵੁਕਤਾ ਤੋਂ ਬਚ ਕੇ ਜੋਸ਼ ਅਤੇ ਹੋਸ਼ ਦੋਵਾਂ ਦੀ ਲੋੜ ਹੈ। ਤਸੱਲੀ ਵਾਲੀ ਗੱਲ ਕਿ ਇਨ੍ਹਾਂ ਨੇ ਦਿੱਲੀ ਕੂਚ ਵੇਲੇ ਦੋਵਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਹੈ। ਹਰਿਆਣੇ ਵਿੱਚ ਇਨ੍ਹਾਂ ਦੇ ਦਾਖਲੇ ਨੂੰ ਰੋਕਣ ਲਈ ਟਰਾਲਿਆਂ ਉੱਤੇ ਲੱਦ ਕੇ ਲਿਆਂਦੇ ਵੱਡੇ ਵੱਡੇ ਪਾਈਪ, ਕ੍ਰੇਨਾਂ ਨਾਲ ਚੁੱਕ ਕੇ ਲਿਆਂਦੇ ਅਤੇ ਸੰਗਲਾਂ ਨਾਲ ਨੂੜ ਕੇ ਦੁੱਗਣੇ ਤਿਗੁਣੇ ਬੋਝ ਦੇ ਬਣਾਏ ਵੱਡੇ ਵੱਡੇ ਪੱਥਰ, ਬੇਗਿਣਤ ਟਿੱਪਰਾਂ ਨੂੰ ਮੂੰਹੋਂ ਮੂੰਹ ਭਰ ਕੇ ਸੜਕ ਵਿਚਾਲੇ ਖੜ੍ਹੇ ਕੀਤੇ ਆਰਜ਼ੀ ਟਿੱਲੇ, 'ਗੁਰੂ ਦੇ ਨਾਂਅ ਉਤੇ ਜਿਊਣ' ਵਾਲੇ ਪੰਜਾਬੀਆਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰਾ ਗਜਾਉਣ ਸਾਰ ਇਨ੍ਹਾਂ ਦੇ ਜੋਸ਼ ਸਾਹਮਣੇ ਰੂੰ ਦੇ ਫੰਬੇ ਬਣ ਕੇ ਉਡ ਗਏ। ਸਿਦਕ ਤੇ ਸਿਰੜ ਦੀ ਉਦਾਹਰਣ ਦੇਣ ਲਈ ਅਗਲੀ ਪੀੜ੍ਹੀ ਫਰਿਹਾਦ ਦੇ ਤੇਸੇ ਦੀ ਥਾਂ ਇਨ੍ਹਾਂ ਦਾ ਰਾਹ ਰੋਕਣ ਲਈ ਲਾਏ ਮਿੱਟੀ ਦੇ ਵੱਡੇ ਵੱਡੇ ਢੇਰਾਂ ਨੂੰ ਨੇਸਤੋ ਨਾਬੂਦ ਕਰਨ ਲਈ ਇਨ੍ਹਾਂ ਵੱਲੋਂ ਵਰਤੀਆਂ ਝੰਡਿਆਂ ਵਾਲੀਆਂ ਬਾਂਸ ਦੀਆਂ ਸੋਟੀਆਂ ਦਾ ਜ਼ਿਕਰ ਕਰੇਗੀ। ਇਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਣ ਵਾਸਤੇ ਡਾਂਗਾਂ, ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦੀ ਵਰਤੋਂ ਕਰਨ ਵਾਲੇ ਹੱਥਾਂ ਉੱਤੇ ਲੰਗਰ ਵਿੱਚ 'ਪ੍ਰਸ਼ਾਦਾ ਵਾਹਿਗੁਰੂ', 'ਦਾਲਾ ਵਾਹਿਗੁਰੂ' ਕਹਿੰਦਿਆਂ ਪਿਆਰ ਨਾਲ ਭੋਜਨ ਪਰੋਸਣਾ ਸਬੂਤ ਹੈ ਕਿ ਇਹ ਭਾਈ ਘਨਈਆ ਦੀ ਵਿਰਾਸਤ ਨੂੰ ਸਾਂਭੀ ਬੈਠੇ ਹਨ।

92 ਸਾਲ ਪਹਿਲਾਂ ਅੰਗਰੇਜ਼ ਹਕੂਮਤ ਵੱਲੋਂ ਅਸੈਂਬਲੀ ਵਿੱਚ ਲੋਕ ਨੁਮ-ਾਇੰਦੇ ਬਣਾ ਕੇ ਬਿਠਾਏ ਵਿਅਕਤੀਆਂ ਦੀ ਗੱਲ ਵੱਲ ਕੰਨ ਨਾ ਧਰਨ ਕਾਰਨ ਭਗਤ ਸਿੰਘ ਅਤੇ ਬੀ ਕੇ ਦੱਤ ਨੇ 'ਬੋਲਿਆਂ ਨੂੰ ਸੁਣਾਉਣ ਲਈ' ਅਸੈਂਬਲੀ ਵਿੱਚ ਬੰਬ ਸੁੱਟਣ ਦਾ ਰਾਹ ਫੜਿਆ ਸੀ। ਦੋ ਮਹੀਨੇ ਤੋਂ ਵੱਧ ਸਮਾਂ ਕੀਤੀ ਚੀਕ ਪੁਕਾਰ ਨਾ ਸੁਣੇ ਜਾਣ ਤੋਂ ਦੁਖੀ ਪੰਜਾਬੀ ਜਨਸਮੂਹ ਵਰਤਮਾਨ ਹਾਲਾਤ ਨੂੰ ਦੇਖ ਕੇ ਹਾਕਮ ਧਿਰ ਨੂੰ ਆਪਣਾ ਦੁੱਖ ਨੇੜਿਉਂ ਸੁਣਾਉਣ ਲਈ ਦਿੱਲੀ ਪੁੱਜਾ ਹੈ। ਲੱਖਾਂ ਵਲੰਟੀਅਰਾਂ ਦੀ ਭਾਗੀਦਾਰੀ ਵਾਲੀ ਲੋਕ ਲਹਿਰ ਨੂੰ ਬੰਧੇਜ਼ ਵਿੱਚ ਰੱਖਣਾ ਇਨ੍ਹਾਂ ਦੇ ਹੋਸ਼ ਵਿੱਚ ਰਹਿ ਕੇ ਵਿਚਰਨ ਦਾ ਅਕੱਟ ਪ੍ਰਮਾਣ ਹੈ। ਇਨ੍ਹਾਂ ਦੀ ਹੋਸ਼ਮੰਦੀ ਕਾਰਨ ਹੀ ਦੇਸ਼ ਭਰ ਦੇ ਕਿਸਾਨ ਭਾਈਚਾਰੇ ਵਿੱਚ ਜਾਗ੍ਰਤੀ ਆਈ ਹੈ। ਛੇਤੀ ਹੀ ਇਸ ਵਰਗ ਦੇ ਹਰ ਵਿਅਕਤੀ ਦੇ ਮੂੰਹ 'ਤੇ ਇਹ ਸਵਾਲ ਹੋਵੇਗਾ, "ਜੇ ਹੋਰ ਹਰ ਵਸਤ ਦੀ ਕੀਮਤ ਉਸ ਦਾ ਘਾੜਾ ਖੁਦ ਮਿੱਥਦਾ ਹੈ ਤਾਂ ਕਿਸਾਨ ਨੂੰ ਆਪਣੀ ਉਪਜ ਦਾ ਮੁੱਲ ਮਿਥਣ ਦਾ ਅਧਿਕਾਰ ਕਿਉਂ ਨਹੀਂ?" ਸ਼ਾਲਾ! ਇਹ ਹੋਸ਼ ਵਰਤਦਿਆਂ ਪੇਸ਼ਾਵਰ ਰਾਜਨੇਤਾਵਾਂ ਦੇ ਚੁੰਗਲ ਵਿੱਚ ਫਸਣ ਤੋਂ ਵੀ ਬਚੇ ਰਹਿਣ।

## ਮਿੰਨੀ ਕਹਾਣੀ

### ਪੰਜਾਬ

–ਅਮਨਦੀਪ ਕੌਰ

ਅੱਜ ਮੈਂ ਪਹਿਲੀ ਵਾਰ ਵਿਦੇਸ਼ ਤੋਂ ਭਾਰਤ ਪਹੁੰਚੀ ਸੀ, ਉਹ ਵੀ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਪੰਜਾਬ ਵਿੱਚ। ਪਾਪਾ ਅਕਸਰ ਇਥੇ ਆਉਂਦੇ ਰਹਿੰਦੇ ਸਨ, ਪਰ ਮੇਰਾ ਇਹ ਪਹਿਲਾ ਫੇਰਾ ਸੀ, ਕਿਉਂਕਿ ਮੇਰੀ ਪੜ੍ਹਾਈ ਪੂਰੀ ਹੋ ਚੁੱਕੀ ਸੀ ਤੇ ਪਾਪਾ ਕਿਹਾ ਕਰਦੇ ਸਨ ਕਿ "ਚੱਲ ਮੇਰਾ ਪੁੱਤ, ਤੈਨੂੰ ਆਪਣਾ ਸੋਹਣਾ ਪੰਜਾਬ ਘੁਮਾ ਲਿਆਈਏ, ਜਿੱਥੇ ਸ਼ਾਂਤ ਵਾਤਾਵਰਣ ਤੇ ਮੋਹ ਭਿੱਜੇ ਲੋਕ ਰਹਿੰਦੇ ਨੇ।" ਮਨ ਹੀ ਮਨ ਮੈਂ ਬਹੁਤ ਖੁਸ਼ ਸੀ ਅਤੇ ਪੰਜਾਬ ਆਉਣ ਦਾ ਚਾਅ ਬਹੁਤ ਸੀ।

ਆਖਰ ਅੱਜ ਉਹ ਦਿਨ ਸੀ, ਜਦੋਂ ਅਸੀਂ ਪੰਜਾਬ ਪਹੁੰਚ ਗਏ। ਏਅਰਪੋਰਟ ਤੋਂ ਗੱਡੀ ਲਈ ਅਤੇ ਸ਼ਹਿਰ ਵਿੱਚੋਂ ਹੁੰਦੇ ਹੋਏ ਆਪਣੇ ਪਿੰਡ ਵੱਲ ਤੁਰ ਪਏ। ਅਸੀਂ ਹਾਲੇ ਥੋੜ੍ਹੀ ਦੂਰ ਹੀ ਗਏ ਸੀ ਕਿ ਡਰਾਈਵਰ ਨੇ ਗੱਡੀ ਰੋਕ ਪਿਤਾ ਜੀ ਨੂੰ ਕਿਹਾ, "ਸਰਦਾਰ ਜੀ ਅੱਗੇ ਧਰਨਾ ਲੱਗਾ ਹੋਇਆ ਹੈ। ਗੱਡੀ ਸਾਈਡ 'ਤੇ ਲਾ ਕੇ ਵੇਖਦੇ ਹਾਂ ਕਿ ਕੀ ਗੱਲ ਹੈ?"

ਅਸੀਂ ਗੱਡੀ ਵਿੱਚੋਂ ਹੇਠ ਉੱਤਰੇ ਤੇ ਇੱਕ ਬੰਦੇ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਇਹ ਰੌਲਾ-ਰੱਪਾ ਕਿਉਂ ਚੱਲ ਰਿਹੈ? ਉਸ ਨੇ ਕਿਹਾ ਕਿ ਇਹ ਗਰੀਬ ਤੇ ਦਲਿਤ ਪਰਵਾਰ ਹਨ ਜਿਨ੍ਹਾਂ ਦੀ ਧੀ ਅਮੀਰ ਲਾਣੇਦਾਰਾਂ ਨੇ ਜਿਊਂਦੀ ਸਾੜ ਦਿੱਤੀ ਸੀ ਅਤੇ ਇਹ ਦਲਿਤ ਨਿਆਂ ਲਈ ਰੋਸ ਮੁਜਾਹਰਾ ਕਰ ਰਹੇ ਹਨ। ਮੈਂ ਇਹ ਸੁਣ ਕੇ ਬੜਾ ਹੈਰਾਨ ਹੋਈ ਅਤੇ ਝੱਟ ਪਾਪਾ ਜੀ ਨੂੰ ਕਿਹਾ, "ਇਥੇ ਕੋਰਟ ਜਾਂ ਸਰਕਾਰ, ਪੁਲਸ ਜਾਂ ਕੋਈ ਨੇਤਾ ਨਹੀਂ, ਜੋ ਇਨ੍ਹਾਂ ਨੂੰ ਇਨਸਾਫ ਦਿਵਾ ਸਕੇ? ਆਖਰ ਉਨ੍ਹਾਂ ਨੇ ਆਪਣੀ ਧੀ ਨੂੰ ਗਵਾਇਆ ਹੈ ਅਤੇ ਇਹ ਕੋਈ ਛੋਟੀ ਗੱਲ ਤਾਂ ਨਹੀਂ।"

ਉਸ ਬੰਦੇ ਤੋਂ ਮੈਂ ਕੁਝ ਹੋਰ ਪੁੱਛਦੀ, ਇਸ ਤੋਂ ਪਹਿਲਾਂ ਹੀ ਡਰਾਈਵਰ ਅੰਕਲ ਕਹਿੰਦੇ ਕਿ "ਧੀਏ ਇਹ ਪੰਜਾਬ ਹੈ। ਇਥੇ ਨਿਆਂ ਇੰਨਾ ਸੌਖਾ ਨਹੀਂ ਮਿਲਦਾ, ਜਿੰਨਾ ਕਿ ਤੁਸੀਂ ਸੋਚ ਰਹੇ ਹੋ।"

ਮੈਨੂੰ ਆਪਣੇ ਪਾਪਾ ਜੀ ਦੀਆਂ ਪੰਜਾਬ ਬਾਰੇ ਕਹੀਆਂ ਗੱਲਾਂ ਝੂਠ ਜਾਪਣ ਲੱਗੀਆਂ ਤੇ ਸੋਨੇ ਵਰਗਾ ਪੰਜਾਬ ਕੱਖਾਂ ਤੋਂ ਵੀ ਹੌਲਾ ਜਾਪਿਆ। ਮੈਂ ਸਾਰੇ ਰਾਹ ਇਹੀ ਸੋਚਦੀ ਰਹੀ ਕਿ ਜਿੱਥੇ ਵੰਸ਼ ਵਧਾਉਣ ਵਾਲੀ ਜੱਗ ਜਣਨੀ ਨੂੰ ਏਦਾਂ ਮਾਰ ਦਿੱਤਾ ਜਾਂਦਾ ਹੋਵੇ, ਉਥੇ ਸੁੱਖ ਸ਼ਾਂਤੀ ਕਿਵੇਂ ਹੋ ਸਕਦੀ ਹੈ? ਔਰਤ ਜਾਤ ਨੂੰ ਇਸ ਤਰੀਕੇ ਨਾਲ ਤਸੀਹੇ ਦੇਣਾ ਕਿਸੇ ਵੀ ਮੁਲਕ ਲਈ ਬਰਬਾਦ ਹੋਣ ਲਈ ਕਾਫੀ ਹੈ। ਪੰਜਾਬ ਆਉਣ ਦਾ ਮੇਰਾ ਸਾਰਾ ਚਾਅ ਹੁਣ ਉਸ ਸਾੜ ਦਿੱਤੀ ਗਈ ਧੀ ਦੇ ਦੁੱਖ ਵਿੱਚ ਕਿਧਰੇ ਉਡ ਗਿਆ ਸੀ।

# ਦਾਈ ਮਾਈ ਵੜੀ ਦਰਵਾਜ਼ੇ ..

–ਡਾਕਟਰ ਸੁਰਿੰਦਰ ਗਿੱਲ

ਲੋਕ ਗੀਤ ਸਮਾਜ ਦੇ ਜਨ ਸਮੂਹ ਦੇ ਮਨ ਦਾ ਸ਼ੀਸ਼ਾ ਹੁੰਦੇ ਹਨ, ਲੋਕ ਮਨ ਦੀ ਧੁਰ ਅੰਦਰਲੀ ਆਵਾਜ਼। ਪੰਜਾਬੀ ਸਮਾਜ ਦੇ ਸਮੁੱਚੇ ਜੀਵਨ ਵਿੱਚ ਤਿੰਨ ਘਟਨਾਵਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹਨ। ਇਹ ਤਿੰਨ ਘਟਨਾਵਾਂ ਹਨ, ਜਨਮ, ਵਿਆਹ ਤੇ ਮੌਤ। ਇਨ੍ਹਾਂ ਪੜਾਵਾਂ ਨੂੰ ਲੋਕ ਸੱਭਿਆਚਾਰ ਦੇ ਨਿਰੰਤਰ ਕਾਵਿ ਪ੍ਰਵਾਹ, ਲੋਕ ਗੀਤਾਂ ਵਿੱਚ ਲੋਕ ਭਾਵੀ ਦ੍ਰਿਸ਼ਟੀਕੋਣ ਤੋਂ ਪ੍ਰਗਟ ਕੀਤਾ ਗਿਆ ਜਾਂ ਆਪ ਮੁਹ-ਾਰੇ ਪ੍ਰਗਟ ਹੋਇਆ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


ਪੰਜਾਬੀ ਸਭਿਆਚਾਰ ਵਿੱਚ ਬੱਚੇ, ਵਿਸ਼ੇਸ਼ ਕਰ ਕੇ ਪੁੱਤਰ ਦਾ ਜਨਮ, ਜਵਾਨ ਹੋਣ ਉਤੇ ਉਸ ਦਾ ਵਿਆਹ ਅਤੇ ਵਿਅਕਤੀ ਦੀ ਮੌਤ ਹੋਣ ਨਾਲ ਵਿਸ਼ੇਸ਼ ਰਸਮਾਂ-ਰੀਤਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਰਸਮਾਂ ਰੀਤਾਂ ਦੇ ਨਿਭਾਅ ਜਾਂ ਰਸਮ ਪੂਰਤੀ ਸਮੇਂ ਮਨੁੱਖੀ ਭਾਵਾਂ, ਉਦਗਾਰਾਂ ਜਾਂ ਮਨੁੱਖੀ ਮਨੋਸਥਿਤੀ ਦਾ ਪ੍ਰਗਟਾਵਾ ਕਰਨ ਵਿੱਚ ਲੋਕ ਗੀਤ ਹੀ ਮਨੁੱਖ ਦਾ ਸਾਥ ਦਿੰਦੇ ਹਨ ਜਾਂ ਕਹੋ ਕਿ ਉਪਰੋਕਤ ਪ੍ਰਸਥਿਤੀਆਂ ਸਮੇਂ ਪੈਦਾ ਹੋਏ ਹਾਵ-ਭਾਵ ਲੋਕ ਗੀਤਾਂ ਰਾਹੀਂ ਪ੍ਰਗਟ ਹੁੰਦੇ ਹਨ। ਪੰਜਾਬੀ ਸਭਿਆਚਾਰ ਦੀ ਕੋਈ ਰਸਮ ਲੋਕ ਗੀਤਾਂ ਤੋਂ ਸੱਖਣੀ ਨਹੀਂ ਤੇ ਲੋਕ ਗੀਤਾਂ ਬਿਨਾਂ ਸੰਪੂਰਨ ਨਹੀਂ ਸਮਝੀ ਜਾਂਦੀ। ਜਨਮ ਤੇ ਵਿਆਹ ਸਮੇਂ ਦੀਆਂ ਰੀਤਾਂ ਤਾਂ ਲੋਕ ਗੀਤਾਂ ਦਾ ਭੰਡਾਰ ਹਨ। ਪੰਜਾਬੀ ਸਭਿਆਚਾਰ ਗੀਤ-ਮਈ ਅਥਵਾ ਗੀਤ-ਮੁਖੀ ਸਭਿਆਚਾਰ ਹੈ। ਖੁਸ਼ੀ ਸਮੇਂ ਤਾਂ ਗੀਤ ਗਾਉਣੇ ਹੀ ਹੋਏ, ਮੌਤ ਸਮੇਂ ਦੀਆਂ ਸੋਗਵਾਰ ਰਸਮਾਂ ਸਮੇਂ ਵੀ ਪੰਜਾਬੀ ਸੁਭਾਅ ਗੀਤ-ਮਈ ਮਾਰਗ ਹੀ ਅਪਣਾਉਂਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਬੱਚੇ ਦਾ ਜਨਮ ਇੱਕ ਅਦੁੱਤੀ ਦੇਣ ਅਤੇ ਖੁਸ਼ੀਆਂ ਦਾ ਮਹਾਨ ਸੋਮਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਦੀ ਲੋਕ ਮਾਨਸਿਕਤਾ ਵੀ ਪੰਜਾਬੀ ਲੋਕ ਗੀਤਾਂ ਰਾਹੀਂ ਭਲੀ-ਭਾਂਤ ਪ੍ਰਗਟ ਹੋਣੀ ਆਰੰਭ ਹੋ ਜਾਂਦੀ ਹੈ। ਕਿਸੇ ਜੋੜੀ ਦੇ ਵਿਆਹ ਹੋਏ ਨੂੰ ਵਰ੍ਹਾ, ਦੋ ਵਰ੍ਹੇ ਲੰਘਣ ਪਿੱਛੋਂ ਵਿਆਹੁਤਾ ਮੁਟਿਆਰ ਦੀ ਗੋਦ ਹਰੀ ਹੋਣ ਦੀ ਆਸ਼ਾ ਕੀਤੀ ਜਾਂਦੀ ਹੈ। ਜੇ ਇਹ ਸਮਾਂ ਦੋ ਤਿੰਨ ਵਰ੍ਹੇ ਸੁੱਕਾ ਲੰਘ ਜਾਵੇ ਤਾਂ ਵਿਆਹੁਤਾ ਕੁੜੀ ਨੂੰ ਅੰਦਰੋਂ-ਅੰਦਰ ਚਿੰਤਾ ਲੱਗ ਜਾਂਦੀ ਹੈ। ਉਪਰੋਂ ਪੁੱਛਣ ਪੁਛਾਉਣ ਵਾਲੀਆਂ ਹਮਦਰਦ ਇਸਤਰੀਆਂ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਝੜੀ ਲਾ ਦਿੰਦੀਆਂ ਅਤੇ ਹਮਦਰਦੀ ਪ੍ਰਗਟ ਕਰਦੀਆਂ ਹਨ ਕਿ ਕੇਵਲ ਇੱਕ ਦੋ ਵਰ੍ਹੇ ਪਹਿਲਾਂ ਵਿਆਹੀ ਗਈ ਮੁਟਿਆਰ ਆਪਣੇ ਆਪ ਵਿੱਚ ਕੋਈ ਘਾਟ ਅਨੁਭਵ ਕਰਦਿਆਂ ਚਿੰਤਾ ਰੋਗ ਦੀ ਸ਼ਿਕਾਰ ਹੋ ਜਾਂਦੀ ਹੈ :

ਬੇਰੀਆਂ ਨੂੰ ਬੇਰ ਲੱਗ ਗਏ
ਤੈਨੂੰ ਕੁਝ ਨਾ ਲੱਗਾ ਮੁਟਿਆਰੇ।

ਇਹੋ ਜਿਹੇ ਬੋਲ ਦੁਖੀ ਮੁਟਿਆਰ ਦੇ ਹਿਰਦੇ ਨੂੰ ਵਲੂੰਧਰ ਦਿੰਦੇ ਹਨ। ਉਪਰੋਕਤ ਸਥਿਤੀ ਦੇ ਵਿਪਰੀਤ ਜਦੋਂ ਕਿਸੇ ਪੰਜਾਬੀ ਵਿਆਹੁਤਾ ਮੁਟਿਆਰ ਨੂੰ ਆਪਣੀ ਕੁੱਖ ਹਰੀ ਹੋਣ ਦਾ ਅਨੁਭਵ ਹੁੰਦਾ ਹੈ ਤਾਂ ਉਹ ਆਪਣੀ ਸੱਸ ਨੂੰ ਸੰਕੇਤਮਈ ਢੰਗ ਨਾਲ ਜੋ ਕੁਝ ਦੱਸਦੀ ਹੈ, ਉਹ ਵੀ ਲੋਕ ਗੀਤ ਰਾਹੀਂ ਹੀ ਪ੍ਰਗਟ ਹੁੰਦਾ ਹੈ :

ਦਾਈ ਨੂੰ ਸੱਦ ਲਿਆਵੋ
ਕਲੇਜੇ ਮੇਰੇ ਦਰਦ ਉਠੇ...।

ਉਪਰੋਕਤ ਲੋਕ ਗੀਤ ਵਿਚਲੀ ਪਾਤਰ ਕੋਈ ਸਾਧਾਰਨ ਵਹੁਟੀ ਜਾਂ ਕਿਸਾਨ ਇਸਤਰੀ ਨਹੀਂ, ਇਹ ਮੁਟਿਆਰ ਤਾਂ ਜਾਗੀਰਦਾਰੀ ਯੁੱਗ ਦੇ ਕਿਸੇ ਰੱਜੇ-ਪੁੱਜੇ ਘਰ ਦੀ ਵਹੁਟੀ ਜਾਪਦੀ ਹੈ ਅਤੇ ਉਸ ਦਾ ਗੱਭਰੂ ਕੋਈ ਜਾਗੀਰਦਾਰ ਜਾਂ ਵੱਡਾ ਜ਼ਿਮੀਂਦਾਰ ਦਾਈ ਨੂੰ ਸੱਦਣ ਜਾਣ ਵਾਲੇ ਸਾਧਾਰਨ ਜਿਹੇ ਕੰਮ ਵਾਸਤੇ ਇਕੱਲਾ ਨਹੀਂ, ਸਗੋਂ ਘੋੜੇ 'ਤੇ ਚੜ੍ਹ ਕੇ ਦੋ ਨੌਕਰਾਂ ਨੂੰ ਨਾਲ ਤੋਰਦੇ ਜਾਂਦਾ ਹੈ। ਇਸ ਸਥਿਤੀ ਨੂੰ ਪੰਜਾਬੀ ਲੋਕ ਗੀਤ ਵਿੱਚ ਇਸ ਅੰਦਾਜ਼ ਵਿੱਚ ਬਿਆਨਿਆ ਗਿਆ ਹੈ :

ਆਪ ਘੋੜੇ ਅਸਵਾਰ ਭਲਾ ਜੀ
ਅੱਗੇ ਤਾਂ ਦੋ ਨਫਰ ਹੋਏ।
ਪੁੱਛਦਾ ਨਗਰ ਬਾਜ਼ਾਰ
ਦਾਈ ਮਾਈ ਕਿਹੜਾ ਘਰ?

ਮਿਲਣ ਉਪਰੰਤ ਦਾਈ ਪ੍ਰਸ਼ਨ ਕਰਦੀ ਹੈ ਕਿ ਪੁੱਤਰ ਜੰਮਿਆ ਤਾਂ ਉਸ ਨੂੰ ਕੀ ਇਨਾਮ ਮਿਲੇਗਾ?

ਜੇ ਘਰ ਜੰਮਿਆ ਪੁੱਤਰ
ਦਾਈ ਮਾਈ ਕੀ ਜੀ ਮਿਲੂ?

ਬਾਪ ਬਣਨ ਵਾਲੇ ਜਵਾਨ ਦਾ ਉੱਤਰ ਵੀ ਹੌਸਲੇ ਵਾਲਾ ਹੈ :

ਪੰਜ ਰੁਪਈਏ ਰੋਕ
ਸਿਰੇ ਨੂੰ ਚੋਪ
ਦਾਈ ਮਾਈ ਇਹੋ ਮਿਲੇ।
ਆਪ ਘੋੜੇ ਅਸਵਾਰ
ਦਾਈ ਮਾਈ ਪਾਲਕੀਆਂ।

ਪੁਰਾਣੇ ਪੰਜਾਬ ਵਿੱਚ ਕਿਸੇ ਦਾਈ ਦਾ ਕਿਸੇ ਜੱਚਾ ਦੇ ਘਰ ਜਾਣਾ ਵੀ ਸ਼ਗਨ ਸਮਝਿਆ ਜਾਂਦਾ ਸੀ :

ਦਾਈ ਮਾਈ ਵੜੀ ਦਰਵਾਜ਼ੇ
ਭਲਾ ਜੀ ਸ਼ੁਭ ਸ਼ਗਨ ਹੋਏ
ਜੱਚਾ ਰਾਣੀ! ਆ ਨੀਂ! ਪਲੰਘ 'ਤੇ ਲੇਟ
ਮਲ਼ਾਂ ਤੇਰਾ ਪੇਟ
ਹੌਲਾ ਤੇਰਾ ਪੇਟ ਹੋਏ।

ਨਵੇਂ ਜਨਮੇ ਬੱਚੇ ਦੀ ਤਿੱਖੀ ਚੀਕ ਨਾਲ ਵਾਤਾਵਰਣ ਸੁੱਖ ਦਾ ਸਾਹ ਭਰਦਾ ਅਤੇ ਅੱਖਾਂ ਤੇ ਕੰਨ ਦਾਈ ਵੱਲ ਸਰਕ ਜਾਂਦੇ ਹਨ। ਪੁੱਤਰ ਦਾ ਜਨਮ ਹੁੰਦਾ ਤਾਂ ਚੁਪਾਸੇ ਖੁਸ਼ੀ ਟਪਕ ਪੈਂਦੀ, ਧੀ ਜੰਮਦੀ ਤਾਂ ਚੁੱਪ ਅਤੇ ਗੰਭੀਰਤਾ। ਉਪਰੋਕਤ ਕਥਨ ਅਜੋਕੇ ਸਮਾਜ 'ਤੇ ਨਹੀਂ ਢੁਕਦਾ। ਅੱਜਕੱਲ੍ਹ ਧੀ ਦੇ ਜਨਮ ਦੀ ਵੀ ਖੁਸ਼ੀ ਮਨਾਈ ਜਾਂਦੀ ਹੈ। ਨਵੇਂ ਜਨਮ 'ਕਾਕੇ' ਦੀ ਭੂਆ ਜਾਂ ਘਰ ਦੀ ਕੋਈ ਮਟਿਆਰ ਆਪਣੀ ਬਾਂਹ ਉਲਾਰ ਕੇ ਉੱਚੀ ਆਵਾਜ਼ ਵਿੱਚ ਗਾਉਂਦੀ ਹੈ :

ਵੀਰ ਘਰ ਪੁੱਤ ਜੰਮਿਆ
ਚੰਦ ਚੜ੍ਹਿਆ ਬਾਪ ਦੇ ਵਿਹੜੇ।

ਪੁੱਤਰ ਦੇ ਜਨਮ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੇ ਗੀਤ ਹਨ, ਜਿਨ੍ਹਾਂ ਗੀਤਾਂ ਨੂੰ ਵਧਾਈ ਵਾਲੇ ਘਰ ਬੈਠ ਕੇ ਗਲੀ-ਮੁਹੱਲੇ ਜਾਂ ਪੱਤੀ ਦੀਆਂ ਮੁਟਿਆਰਾਂ ਲੰਮੀਆਂ-ਲੰਮੀਆਂ ਹੇਕਾਂ ਵਿੱਚ ਗਾਉਂਦੀਆਂ ਹਨ, ਜਿਵੇਂ :

ਹਰਿਆ ਨੀਂ ਮਾਏ
ਹਰਿਆ ਨੀਂ ਭੈਣੇ
ਹਰਿਆ ਤੇ ਭਾਗੀਂ ਭਰਿਆ
ਜਿਸ ਦਿਹਾੜੇ ਮੇਰਾ ਹਰਿਆ ਨੀਂ ਜੰਮਿਆ
ਸੋਈ ਦਿਹਾੜਾ ਭਾਗੀਂ ਭਰਿਆ
ਜੰਮਦਾ ਹਰਿਆ ਪੱਟ ਵਲ੍ਹੇਟਿਆ
ਕੁਛੜ ਦਿਉ ਇਨ੍ਹਾਂ ਦਾਈਆਂ
ਮਾਈਆਂ ਦਾਈਆਂ 'ਤੇ ਸਕੀਆਂ ਭਰਜਾਈਆਂ।

ਸਾਮੰਤਸ਼ਾਹੀ ਤੇ ਜਗੀਰਦਾਰੀ ਪ੍ਰਬੰਧ ਵਿੱਚ ਪੁੱਤਰ ਪ੍ਰਤੀ ਵਿਸ਼ੇਸ਼ ਮਾਣ ਸਤਿਕਾਰ ਅਤੇ ਚਾਅ-ਮਲ੍ਹਾਰ ਪ੍ਰਾਪਤ ਸਨ, ਧੀ ਪ੍ਰਤੀ ਨਹੀਂ। ਲੋਕ ਗੀਤ ਕਿਉਂਕਿ ਕਿਸੇ ਵੀ ਸਮਾਜਕ ਪ੍ਰੰਪਰਾ ਦਾ ਅੰਗ ਹੁੰਦੇ ਹਨ, ਇਸ ਲਈ ਆਧੁਨਿਕ ਯੁੱਗ ਵਿਚਲੀ ਪੁਰਸ਼-ਇਸਤਰੀ ਸਮਾਨਤਾ ਜਾਂ ਪੁੱਤ ਧੀ ਪ੍ਰਤੀ ਇਹੋ ਜਿਹੇ ਵਿਹਾਰ ਪੰਜਾਬੀ ਲੋਕ ਗੀਤਾਂ ਵਿੱਚ ਉਪਲਬਧ ਨਹੀਂ। ਪੰਜਾਬੀ ਲੋਕ ਗੀਤਾਂ ਵਿੱਚ ਪੁੱਤਰ ਪ੍ਰਧਾਨ ਹੈ, ਧੀ ਨਹੀਂ।

ਪੁੱਤਰ ਨੂੰ ਜਨਮ ਦੇਣ ਵਾਲੀ ਭਾਵੇਂ ਇਸਤਰੀ ਹੀ ਹੁੰਦੀ ਹੈ, ਪਰ ਪੁੱਤਰ ਜਨਮ ਦਾ ਸਾਰਾ ਸਿਹਰਾ ਅਤੇ ਸ਼ੋਭਾ ਮਰਦ ਪ੍ਰਤੀ ਗਾਈ ਗਈ ਹੈ। ਜੇ ਧੀ ਜੰਮ ਪਵੇ ਤਾਂ ਦੋਸ਼ ਇਸਤਰੀ ਦਾ ਹੀ ਮੰਨਿਆ ਜਾਂਦਾ ਸੀ। ਇਸ ਗੱਲ ਪਿੱਛੇ ਵੀ ਤਤਕਾਲੀ ਸਮਾਜ ਦੀ ਜਾਗੀਰਦਾਰੀ ਸੋਚ ਦੀ ਦ੍ਰਿਸ਼ਟੀ ਕਾਰਜਸ਼ੀਲ ਸੀ। ਉਦਾਹਰਣ ਹਿੱਤ :

ਵੀਰ ਘਰ ਪੁੱਤ ਜੰਮਿਆ
ਚੰਨ ਚੜ੍ਹਿਆ ਬਾਪ ਦੇ ਵਿਹੜੇ...।

ਇੱਥੇ ਵਿਚਾਰੀ ਮਾਂ ਦਾ ਕੋਈ ਜ਼ਿਕਰ ਨਹੀਂ ਹੈ, ਪਰ ਧੀ ਜੰਮ ਪਵੇ ਤਾਂ :

ਵੀਰ ਮੇਰਾ ਤਾਂ ਰਾਜੇ ਦਾ ਨੌਕਰ
ਭਾਬੀ ਨੇ ਜੰਮੀ ਏ ਧੀ।

ਇਸ ਦਾ ਦੋਸ਼ ਇਸਤਰੀ ਸਿਰ। ਕਾਰਨ ਉਹੀ ਸਾਮੰਤਵਾਦੀ ਦ੍ਰਿਸ਼ਟੀਕੋਣ। ਧੀ ਦੇ ਜਨਮ ਸਮੇਂ ਤਾਂ ਮਰਦ ਆਪਣੇ ਆਪ ਨੂੰ ਦੋਸ਼ ਮੁਕਤ ਕਰ ਲੈਂਦਾ ਸੀ, ਪਰ ਧੀ ਪ੍ਰਤੀ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਤੋਂ ਮੁਕਤ ਨਹੀਂ ਸੀ ਹੋ ਸਕਦਾ। ਧੀ ਦੇ ਜਨਮ ਸਮੇਂ ਤੋਂ ਹੀ ਧੀ ਦੇ ਪਿਓ ਨੂੰ ਉਸ ਦੀ ਜ਼ਿੰਮੇਵਾਰੀ ਅਤੇ ਕਬੀਲਦਾਰੀ ਦਾ ਅਨੁਭਵ ਕਰਵ-ਾਇਆ ਜਾਂਦਾ ਸੀ। ਧੀ ਦਾ ਜਨਮ ਕਠਿਨਾਈਆਂ ਦਾ ਸੰਕੇਤ ਸੀ। ਇਸ ਦੇ ਵਿਪਰੀਤ ਪੁੱਤਰ ਦਾ ਜਨਮ, ਬੇਫਿਕਰੀ ਨਿਸ਼ਚਿੰਤਤਾ ਅਤੇ ਜਸ਼ਨਾਂ ਦਾ, ਜਿਵੇਂ ਬੁਢਾਪੇ ਵਾਸਤੇ ਬੇਫਿਕਰੀ ਦਾ ਬੀਮਾ ਹੋਵੇ। ਲੋਕ ਗੀਤ ਅਨੁਸਾਰ :

ਜੇ ਘਰ ਜੰਮ ਪਈ ਧੀ ਵੇ ਨਿਰੰਜਣਾ
ਥੋੜ੍ਹੀ ਦਾਰੂ ਪੀ ਵੇ ਨਿਰੰਜਣਾ।
ਜੇ ਘਰ ਜੰਮਿਆ ਪੁੱਤ ਵੇ ਨਿਰੰਜਣਾ
ਹੁਣ ਦਾਰੂ ਦੀ ਰੁੱਤ ਵੇ ਨਿਰੰਜਣਾ

ਜਿਵੇਂ ਪੁੱਤਰ ਪ੍ਰਤੀ ਪਿਤਾ ਦੀ ਕੋਈ ਜ਼ਿੰਮੇਵਾਰੀ ਹੀ ਨਾ ਹੋਵੇ। ਬੱਚੇ ਦੇ ਜਨਮ ਨਾਲ ਸੰਬੰਧਤ ਅਣਗਿਣਤ ਲੋਕ ਗੀਤ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਅਤੇ ਸਾਹਿਤ ਦਾ ਅਨਿੱਖੜ ਅੰਗ ਹਨ। ਪੁੱਤਰ ਦੇ ਜਨਮ ਤੋਂ ਬਾਅਦ ਆਈ ਪਹਿਲੀ ਲੋਹੜੀ ਵੀ ਵਧਾਈ, ਖੁਸ਼ੀ ਅਤੇ ਜਸ਼ਨਾਂ ਨਾਲ ਸੰਬੰਧਤ ਅਥਾਹ ਲੋਕ ਗੀਤਾਂ ਦਾ ਖਜ਼ਾਨਾ ਹੈ।



# ਕਿਸਾਨ ਧਰਨੇ ਵਾਲੀ ਬਜ਼ੁਰਗ ਬੇਬੇ ਦੀ ਕੰਗਨਾ ਨੂੰ ਫਿਟਕਾਰ: 'ਤੇਰੇ ਇੱਕ ਲੱਗੇ ਤਾਂ ਤੂੰ ਜਾਣੇਂ'

ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਕਿਸਾਨ ਧਰਨੇ ਵਿੱਚ ਦਿੱਲੀ ਗਈ ਬਿਰਧ ਮਾਈ ਮਹਿੰਦਰ ਨੇ ਆਢਾ ਲਿਆ ਹੈ। ਉਸ ਨੂੰ ਜ਼ਿੰਦਗੀ ਨਹੀਂ ਹਰਾ ਸਕੀ, ਜੋਸ਼ ਤੇ ਜਜ਼ਬੇ ਅੱਗੇ ਸਭ ਢੇਰੀ ਹੋ ਗਏ। ਅਦਾਕਾਰਾ ਕੰਗਣਾ ਰਣੌਤ ਨੇ ਉਸ ਦੇ ਵੱਲ ਉਂਗਲ ਉਠਾਈ ਹੈ, ਜਿਸ ਨੇ ਇਸ ਬਿਰਧ ਦੀ ਆਤਮਾ ਨੂੰ ਝਟਕਾ ਦਿੱਤਾ ਹੈ। ਕੰਗਣਾ ਰਣੌਤ ਨੇ ਟਵੀਟ ਕਰ ਕੇ ਇਸ ਮਾਈ ਨੂੰ ਕਿਸਾਨ ਅੰਦੋਲਨ ਵਿੱਚ 100 ਰੁਪਿਆ ਭਾੜਾ ਲੈ ਕੇ ਕੁੱਦਣ ਵਾਲੀ ਔਰਤ ਦੱਸਿਆ ਸੀ।



ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਮਹਿੰਦਰ ਕੌਰ ਨੇ ਖੁਦ ਵਾਢੀ ਦੇ ਮੌਕੇ ਦਾਤੀ ਚਲਾਈ, ਰਾਤਾਂ ਨੂੰ ਖੁਦ ਫਸਲਾਂ ਨੂੰ ਪਾਣੀ ਲਾਏ, ਟਿੱਬੇ ਪੱਧਰੇ ਕੀਤੇ। ਖੇਤਾਂ ਤੋਂ ਸੁੱਖ ਚੈਨ ਨਿਛਾਵਰ ਕੀਤਾ ਤੇ ਬਾਬੇ ਨਾਨਕ ਦਾ ਸੱਚਾ ਕਿਰਤੀ ਬਣੀ। ਖੇਤਾਂ ਦੀ ਕਿਰਤ ਨੇ ਨੇ ਇਸ ਬਿਰਧ ਔਰਤ ਦੇ ਕੁੱਬ ਪਾ ਦਿੱਤਾ। ਅੱਗੀ ਵਰ੍ਹਿਆਂ ਦੀ ਇਹ ਬਿਰਧ ਔਰਤ ਅੱਜ ਵੀ ਸਬਜ਼ੀਆਂ ਦੀ ਕਾਸ਼ਤ ਕਰਦੀ ਹੈ। ਮਹਿੰਦਰ ਕੌਰ ਆਪਣੇ ਪੁੱਤਰ-ਪੋਤਿਆਂ ਲਈ ਜ਼ਿੰਦਗੀ'ਕਿਸਾਨ ਅੰਦੋਲਨ' ਦੇ ਲੇਖੇ ਲਾਉਣ ਲਈ ਕਾਹਲੀ ਹੈ। ਉਹ ਹਰ ਕਿਸਾਨ ਅੰਦੋਲਨ ਵਿੱਚ ਅੱਗੇ ਹੋ ਜਾਂਦੀ ਹੈ।

ਵਰਨਣ ਯੋਗ ਕਿ ਗੌਤਮ ਯਾਦਵ ਨੇ ਦਿੱਲੀ ਵਿੱਚ ਜੁੜੇ ਕਿਸਾਨ ਅੰਦੋਲਨ ਦੇ ਬਾਰੇ ਇੱਕ ਟਵੀਟ ਕੀਤਾ ਸੀ, ਜਿਸ ਵਿੱਚ ਦੋ ਤਸਵੀਰਾਂ ਸਨ। ਇੱਕ ਬੰਨ੍ਹੇ ਸ਼ਾਹੀਨ ਬਾਗ ਵਿੱਚ ਕੁੱਦਣ ਵਾਲੀ 82 ਸਾਲਾ ਬਿਲਕੀਸ ਬਾਨੋ ਸੀ, ਜਿਸ ਨੂੰ ਟਾਈਮ ਮੈਗਜ਼ੀਨ ਨੇ ਪ੍ਰਮੁੱਖਤਾ ਦਿੱਤੀ। ਦੂਸਰੇ ਬੰਨੇ ਕਿਸਾਨੀ ਝੰਡਾ ਚੁੱਕੀ ਜਾ ਰਹੀ ਬਿਰਧ ਮਹਿੰਦਰ ਕੌਰ ਦੀ ਤਸਵੀਰ ਹੈ। ਦੋਵਾਂ ਨੂੰ ਇੱਕ ਔਰਤ ਦੱਸਿਆ ਗਿਆ ਹੈ। ਕੰਗਣਾ ਰਣੌਤ ਨੇ ਇਸ ਟਵੀਟ 'ਤੇ ਟਿੱਪਣੀ ਕਰਦਿਆਂ ਮਹਿੰਦਰ ਕੌਰ ਨੂੰ ਸੌ ਰੁਪਏ ਭਾੜਾ ਲੈ ਕੇ ਕਿਸਾਨ ਅੰਦੋਲਨ 'ਚ ਬੈਠਣ ਵਾਲੀ ਔਰਤ ਗਰਦਾਨ ਦਿੱਤਾ।ਬਠਿੰਡਾ ਜ਼ਿਲ੍ਹੇ ਦੀ ਬਿਰਧ ਮਹਿੰਦਰ ਕੌਰ ਦਾ ਪਰਵਾਰ ਇਹ ਮਾਨਸਿਕ ਝਟਕਾ ਨਹੀਂ ਝੱਲ ਸਕਿਆ। ਮਹਿੰਦਰ ਕੌਰ ਨੇ ਇੱਕੋ ਗੱਲ ਆਖੀ,




ਕੰਗਨਾ ਵਲੋਂ ਕੀਤਾ ਗਿਆ ਟਵੀਟ।

'ਉਹ ਪੂਰੀ ਜ਼ਿੰਦਗੀ ਮਿੱਟੀ ਨਾਲ ਮਿੱਟੀ ਹੋਈ ਰਹੀ ਹੈ, ਦੁੱਖਾਂ ਨੇ ਪੈਰ-ਪੈਰ ਉੱਤੇ ਰਾਹ ਘੇਰੇ, ਉਂਗਲ ਚੁੱਕਣ ਵਾਲੀ ਬੀਬਾ ਉਤੇ ਕਦੇ ਸਾਡੇ ਵਾਂਗੂ ਦੁੱਖ ਪਵੇ ਤਾਂ ਉਸ ਨੂੰ ਪਤਾ ਲੱਗੇ।' ਮਹਿੰਦਰ ਕੌਰ ਆਖਦੀ ਹੈ ਕਿ ਉਸ ਨੇ ਕਿਰਤ ਦਾ ਲੜ ਫੜਿਆ ਤੇ ਕਦੇ ਪਰਵਾਰ ਦਾ ਸਿਰ ਨੀਵਾਂ ਨਹੀਂ ਹੋਣ ਦਿੱਤਾ। ਉਸ ਉੱਤੇ ਲਾਏ ਭਾੜੇ ਵਾਲੇ ਦਾਗ ਨੇ ਸਭ ਮਿੱਟੀ 'ਚ ਮਿਲਾ ਦਿੱਤਾ। ਮਹਿੰਦਰ ਕੌਰ ਦੇ ਬਜ਼ੁਰਗ ਪਤੀ ਲਾਭ ਸਿੰਘ ਨੰਬਰਦਾਰ ਨੇ ਕਿਹਾ ਕਿ ਝੂਠੇ ਦੋਸ਼ ਲਾਉਣ ਵਾਲੀ ਕੰਗਣਾ ਨੂੰ ਜਨਤਕ ਮੁਆਫੀ ਮੰਗਣੀ ਚਾਹੀਦੀ ਹੈ।

ਮਿਲੇ ਵੇਰਵੇ ਅਨੁਸਾਰ 1971 ਵਿੱਚ ਮਹਿੰਦਰ ਕੌਰ ਵਿਆਹ ਕਰਕੇ ਜਦੋਂ ਲਾਭ ਸਿੰਘ ਦੇ ਘਰ ਆਈ ਤਾਂ ਅੰਤਾਂ ਦੀ ਗੁਰਬਤ ਸੀ। ਕੱਚੀਆਂ ਕੰਧਾਂ ਵਾਲਾ ਘਰ ਅਤੇ ਘਰ ਵਿੱਚ ਇੱਕ ਲੱਕੜ ਵੀ ਨਹੀਂ ਸੀ। ਤਨ ਦੇ ਕੱਪੜਿਆਂ ਤੋਂ ਬਿਨਾਂ ਕੁਝ ਨਹੀਂ ਸੀ। ਅੱਜ ਵੀ ਪਰਵਾਰ ਸਿਰ ਸੱਤ ਲੱਖ ਰੁਪਏ ਦਾ ਕਰਜ਼ਾ ਹੈ। ਬਿਰਧ ਮਾਈ ਆਖਦੀ ਹੈ ਕਿ ਉਸ ਨੇ ਗਰਮੀ ਸਰਦੀ ਪਿੰਡੇ ਝੱਲੀ ਅਤੇ ਪਤੀ ਨਾਲ ਖੇਤਾਂ 'ਚ ਦਿਨ ਰਾਤ ਕੰਮ ਕੀਤਾ। ਕਦੇ ਪਿੱਛੇ ਨਹੀਂ ਹਟੀ। ਪਤੀ ਲਾਭ ਸਿੰਘ ਕਹਿੰਦਾ ਹੈ ਕਿ ਜਦੋਂ ਖੇਤਾਂ ਨੇ ਹਰਾ ਦਿੱਤਾ, ਉਸ ਨੇ ਨਸ਼ਾ ਤਸਕਰੀ ਦੇ ਰਾਹ ਪੈਣ ਦਾ ਫੈਸਲਾ ਕੀਤਾ। ਮਹਿੰਦਰ ਕੌਰ ਨੇ ਪਤੀ ਦਾ ਰਾਹ ਰੋਕ ਲਿਆ। ਤਸਕਰੀ ਦੀ ਥਾਂ ਖੇਤਾਂ ਵਿੱਚ ਸਬਜ਼ੀਆਂ ਦੀ ਕਾਸ਼ਤ ਕਰਨ ਦਾ ਰਾਹ ਦਿਖਾਇਆ। ਦਿਨ ਰਾਤ ਦੋਵੇਂ ਜੀਅ ਸਬਜ਼ੀਆਂ ਦੀ ਪੈਦਾਵਾਰ ਕਰਨ ਲੱਗੇ। ਖੁਦ ਸ਼ਹਿਰਾਂ ਵਿੱਚ ਜਾ ਕੇ ਸਬਜ਼ੀ ਵੇਚਦੇ ਰਹੇ। ਮਹਿੰਦਰ ਕੌਰ ਨੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ ਅਤੇ ਨਾਲ ਪੈਲੀ ਨੂੰ ਪਾਲਿਆ। ਮਹਿੰਦਰ ਕੌਰ ਦੇ ਲੜਕੇ ਗੁਰਦਾਸ ਨੇ ਕਿਹਾ ਕਿ ਮਾਂ ਮਹਿੰਦਰ ਕੌਰ ਦੀ ਹਿੰਮਤ ਨੇ ਪਰਵਾਰ ਨੂੰ ਡੋਲਣ ਨਹੀਂ ਦਿੱਤਾ, ਪਰ ਕੰਗਣਾ ਰਣੌਤ ਨੇ ਉਂਗਲ ਚੁੱਕ ਕੇ ਬਿਨਾਂ ਕਸੂਰੋਂ ਦਾਗ ਲਾ ਦਿੱਤਾ ਹੈ। ਉਸ ਨੇ ਕਿਹਾ ਕਿ ਕੰਗਣਾ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਮਾਂ ਮਹਿੰਦਰ ਕੌਰ ਨੇ ਕਿਹਾ ਕਿ ਉਹ ਆਖਰੀ ਦਮ ਤੱਕ ਖੇਤਾਂ ਦੇ ਪੁੱਤਾਂ ਲਈ ਲੜੇਗੀ। ਕੰਗਣਾ ਰਣੌਤ ਨੇ ਲਾਹਨਤਾਂ ਪੈਣ ਪਿੱਛੋਂ ਆਪਣਾ ਟਵੀਟ ਡਿਲੀਟ ਕਰ ਦਿੱਤਾ ਹੈ।

# ਦਿੱਲੀ ਦੇ ਕਿਸਾਨ ਸੰਘਰਸ਼ ਨੂੰ ਪੇਂਡੂ ਬਰੂਹਾਂ ਤੋਂ ਤਾਕਤ ਦੇ ਰਹੇ ਹਨ ਕਿਸਾਨ ਯੋਧੇ



ਮੰਡੀ ਕਿੱਲਿਆਂਵਾਲੀ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਪਿੰਡਾਂ 'ਚ ਬੈਠੇ ਕਿਸਾਨ ਯੋਧੇ ਪੇਂਡੂ ਬਰੂਹਾਂ ਤੋਂ ਦਿੱਲੀ ਦੇ ਸੰਘਰਸ਼ ਨੂੰ ਤਾਕਤ ਦੇ ਰਹੇ ਹਨ। ਕੱਲ੍ਹ ਤਰਮਾਲਾ ਵਿੱਚ ਕਿਸਾਨਾਂ ਨੇ ਅਬੋਹਰ ਹਲਕੇ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਨੂੰ ਘੇਰ ਲਿਆ ਤੇ ਖੇਤੀ ਕਾਨੂੰਨਾਂ ਪ੍ਰਤੀ ਸਮਰਥਨ ਜ਼ਹਿਰ ਕਰਨ ਲਈ ਮਜ਼ਬੂਰ ਕਰ ਦਿੱਤਾ। ਭਾਜਪਾ ਵਿਧਾਇਕ ਨੂੰ ਕਰੀਬ 20-25 ਮਿੰਟ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨਾਂ ਨਾਲ ਸੜਕ 'ਤੇ ਬੈਠਣਾ ਪਿਆ ਅਤੇ ਉਹ ਖੇਤੀ ਕਾਨੂੰਨਾਂ 'ਤੇ ਕਿਸਾਨਾਂ ਦੀ ਮੋਬਾਈਲ ਵੀਡੀਓਗ੍ਰਾਫ਼ੀ ਵਿੱਚ ਸਮਰਥਨ ਭਰਿਆ ਪੱਖ ਪੇਸ਼ ਕਰਨਤੋਂ ਬਾਅਦ ਹੀ ਉਥੋਂ ਜਾ ਸਕੇ।

ਅਸਲ ਵਿੱਚ ਭਾਜਪਾ ਵਿਧਾਇਕ ਅਰੁਣ ਨਾਰੰਗ ਡੱਬਵਾਲੀ ਖੇਤਰ ਵਿੱਚ ਕਿਸੇ ਸਮਾਗਮ 'ਚ ਸ਼ਾਮਲ ਹੋਣ ਲਈ ਡੱਬਵਾਲੀ-ਅਬੋਹਰ ਕੌਮੀ ਸੜਕ ਤੋਂ ਕਾਫ਼ਲੇ ਸਮੇਤ ਲੰਘ ਰਹੇ ਸਨ।ਗੁਰਦੁਆਰਾ ਸਾਹਿਬ ਤੋਂ ਹੋਕਾ ਦਿੱਤੇ ਜਾਣ ਦੇ ਬਾਅਦ ਤਰਮਾਲਾ ਦੇ ਦਰਜਨਾਂ ਕਿਸਾਨ ਡੱਬਵਾਲੀ-ਅਬਹੋਰ ਮੁੱਖ ਸੜਕ 'ਤੇ ਵਿਧਾਇਕ ਨੂੰ ਘੇਰਨ ਲਈ ਆ ਗਏ।ਵਿਧਾਇਕ ਦੀ ਗੱਡੀ ਆਉਣ ਉੱਤੇ ਕਿਸਾਨਾਂ ਨੇ ਉਸ ਦੇ ਮੂਹਰੇ ਧਰਨਾ ਲਾ ਦਿੱਤਾ। ਵਿਧਾਇਕ ਵੀ ਹਾਲਾਤ ਨੂੰ ਪਰਖਦੇ ਹੋਏ ਬੜੇ ਸਊ ਲਹਿਜ਼ੇ 'ਚ ਗੱਡੀ ਤੋਂ ਉੱਤਰਕੇ ਕਿਸਾਨਾਂ ਵਿੱਚ ਸੜਕ ਉੱਤੇ ਬੈਠ ਗਏ। ਪਿੰਡ ਵਾਸੀਆਂ ਦੀ ਅਗਵਾਈ ਗੁਰਪ੍ਰੀਤ ਸਿੰਘ ਗੋਪਾ, ਗੁਰਮੀਤ ਸਿੰਘ ਭੁੱਲਰ ਅਤੇ ਹੋਰ ਕਰ ਰਹੇ ਸਨ। ਇਸ ਮੌਕੇ ਕਿਸਾਨਾਂ ਦੇ ਕੈਮਰੇ ਮੂਹਰੇ ਭਾਜਪਾ ਵਿਧਾਇਕ ਅਰੁਣ ਨਾਰੰਗ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸ ਕੇ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਨੂੰ ਬੇਹੱਦ ਪ੍ਰਭਾਵਿਤ ਕਰਨ ਵਾਲੇ ਦੱਸਿਆ। ਨਾਰੰਗ ਨੇ ਕਿਹਾ ਕਿ ਜਿਹੜੀ ਚੀਜ਼ ਜਿਨ੍ਹਾਂ ਲਈ ਬਣਾਈ ਹੈ, ਜੇਉਨ੍ਹਾਂ ਨੂੰ ਪਸੰਦ ਨਹੀਂ ਆਉਂਦੀ ਤਾਂ ਉਸ ਨੂੰ ਨਹੀਂ ਕਰਨਾ ਚਾਹੀਦਾ। ਇਸ ਦੇ ਬਾਅਦ ਹੀ ਉਹ ਅੱਗੇ ਜਾ ਸਕੇ।

# ਖੇਤੀ ਕਾਨੂੰਨਾਂ ਦੇ ਖਿਲਾਫ ਭਾਜਪਾ ਆਗੂ ਪਵਨ ਬੰਟੀ ਦਾ ਅਸਤੀਫਾ

ਨਿਹਾਲ ਸਿੰਘ ਵਾਲਾ, 1 ਦਸੰਬਰ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਇੱਥੇ ਭਾਜਪਾ ਆਗੂ ਪਵਨ ਗੋਇਲ ਬੰਟੀ ਦੇ ਘਰ ਦੇ ਘਿਰਾਓ ਦੇ 25ਵੇਂ ਦਿਨ ਉਸ ਤੋਂ ਭਾਰਤੀ ਜਨਤਾ ਪਾਰਟੀ ਤੋਂ ਅਸਤੀਫਾ ਦਿਵਾਉਣ ਵਿੱਚ ਸਫਲ ਹੋ ਗਈ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਭਾਜਪਾ ਆਗੂਆਂ ਦੇ ਘਰਾਂ, ਟੋਲ ਪਲਾਜ਼ਿਆਂ, ਪੈਟਰੋਲ ਪੰਪਾਂ ਦੇ ਘਿਰਾਓ ਦੀ ਲੜੀ ਹੇਠ ਨਿਹਾਲ ਸਿੰਘ ਵਾਲਾ ਵਿੱਚ ਭਾਜਪਾ ਆਗੂ ਤੇ ਜ਼ਿਲ੍ਹਾ ਮੀਤ ਪ੍ਰਧਾਨ ਪਵਨ ਗੋਇਲ ਬੰਟੀ ਦੇ ਘਰ ਦਾ ਘਿਰਾਓ ਕੀਤਾ



ਹੋਇਆ ਸੀ।ਘਿਰਾਓ ਦੇ 25ਵੇਂ ਦਿਨ ਭਾਜਪਾ ਆਗੂ ਪਵਨ ਬੰਟੀ ਨੇ ਧਰਨੇ ਵਿੱਚ ਪੁੱਜ ਕੇ ਭਾਜਪਾ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਨਗਰ ਪੰਚਾਇਤ ਪ੍ਰਧਾਨ ਇੰਦਰਜੀਤ ਸਿੰਘ ਗਰਗ ਵੀ ਸਨ। ਅਸਤੀਫੇ ਨਾਲ ਸਾਰਾ ਪੰਡਾਲ ਮੋਦੀ ਸਰਕਾਰ ਖਿਲਾਫ ਨਾਅਰਿਆਂ ਨਾਲ ਗੂੰਜ ਉਠਿਆ। ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਧਰਨਾਕਾਰੀਆਂ ਨੂੰ ਲਗਾਤਾਰ ਸੰਘਰਸ਼ ਦੀ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਬਾਬੇ ਨਾਨਕ ਦੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸੰਕਲਪ ਨੂੰ ਮੇਟਣਾ ਚਾਹੁੰਦੀ ਹੈ, ਪਰ ਕਿਸਾਨ ਸੰਘਰਸ਼ ਦਿੱਲੀ ਪੁੱਜ ਗਿਆ ਹੈ ਅਤੇ ਕਾਲੇ ਕਾਨੂੰਨ ਵਾਪਸ ਕਰਵਾ ਕੇ ਅਤੇ ਮੰਗਾਂ ਮੰਨਵਾ ਕੇ ਹੀ ਪਰਤੇਗਾ। ਸਾਬਕਾ ਭਾਜਪਾ ਨੇਤਾ ਪਵਨ ਬੰਟੀ ਦਾ ਕਹਿਣਾ ਹੈ ਕਿ ਮੈਂ ਕਿਸਾਨ ਸੰਘਰਸ਼ ਦੀ ਹਮਾਇਤ ਕਰਦਾ ਹਾਂ। ਕਿਸਾਨ ਦੇਸ਼ ਦੀ ਆਰਥਿਕਤਾ ਦਾ ਧੁਰਾ ਹਨ। ਮੇਰਾ ਪੂਰਾ ਕਾਰੋਬਾਰ ਕਿਸਾਨਾਂ ਦੇ ਸਿਰ 'ਤੇ ਚੱਲਦਾ ਹੈ।

# ਸੁਖਬੀਰ ਬਾਦਲ ਦੇ ਖਿਲਾਫ ਮਾਣ-ਹਾਨੀ ਕੇਸ ਦੇ ਜ਼ਮਾਨਤੀ ਵਾਰੰਟ ਫਿਰ ਜਾਰੀ

ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਜ਼ਿਲ੍ਹਾ ਅਦਾਲਤ ਚੰਡੀਗੜ੍ਹ ਵਿੱਚ ਮਾਣ-ਹਾਨੀ ਕੇਸ ਚੱਲਦਾ ਹੈ, ਜਿਸ ਵਿੱਚ ਉਨ੍ਹਾਂ ਦੇ ਵਾਰੰਟ ਫਿਰ ਜਾਰੀ ਹੋਏ ਹਨ।

ਇਸ ਕੇਸ ਦੇ ਸ਼ਿਕਾਇਤਕਰਤਾ ਦੇ ਵਕੀਲ ਪੀ ਆਈ ਪੀ ਸਿੰਘ ਨੇ ਦੱਸਿਆ ਕਿ ਪਿਛਲੇ ਕਰੀਬ ਦਸ ਮਹੀਨੇ ਤੋਂਅਦਾਲਤ ਪੇਸ਼ ਨਾ ਹੋ ਰਹੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਬੀਤੀ 17 ਨਵੰਬਰ ਨੂੰ ਜ਼ਿਲ੍ਹਾ ਅਦਾਲਤ ਨੇ ਜ਼ਮਾਨਤੀ ਵਾਰੰਟ ਜਾਰੀ ਕੀਤੇ ਅਤੇ ਉਨ੍ਹੀ ਦੇ ਚੰਡੀਗੜ੍ਹ ਸੈਕਟਰ 9 ਵਾਲੀ ਕੋਠੀ ਨੰਬਰ 256 ਵਿਖੇ ਭੇਜੇ ਸਨ, ਉਥੇ ਸੁਖਬੀਰ ਸਿੰਘ ਬਾਦਲ ਮਿਲੇਨਹੀਂ, ਇਸ ਕਾਰਨ ਉਹ ਸੰਮਨ ਉਨ੍ਹਾਂ ਨੂੰ ਨਹੀਂ ਮਿਲ ਸਕੇ। ਇਸ ਤੋਂ ਪਹਿਲਾਂ ਵੀ ਜਦੋਂ ਅਦਾਲਤ ਵੱਲੋਂਜਾਰੀ ਕੀਤੇ ਗਏ ਸੰਮਨ ਸੁਖਬੀਰ ਸਿੰਘ ਬਾਦਲ ਦੇ ਉਸ ਪਤੇ 'ਤੇ ਭੇਜੇ ਗਏ ਤਾਂ ਉਥੇ ਉਸਾਰੀ ਦਾ ਕੰਮ ਚੱਲ ਰਿਹਾ ਸੀ ਅਤੇ



ਸੁਖਬੀਰ ਸਿੰਘ ਖੁਦ ਉਥੇ ਮੌਜੂਦ ਨਹੀਂ ਸਨ। ਇਸ ਮਾਮਲੇ ਦੀ ਅਗਲੀ ਸੁਣਵਾਈ 9 ਦਸੰਬਰ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ ਆਖੰਡ ਕੀਰਤਨੀ ਜਥੇ ਦੇ ਆਗੂ ਰਾਜਿੰਦਰਪਾਲ ਸਿੰਘ ਦੀ ਸ਼ਿਕਾਇਤ 'ਤੇ ਇਹ ਕੇਸ ਜ਼ਿਲ੍ਹਾ ਅਦਾਲਤ ਵਿੱਚ ਚੱਲ ਰਿਹਾ ਹੈ, ਜਿਸ ਵਿੱਚ ਦੋਸ਼ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਜਥੇ ਅਤੇ ਉਸ ਦੇ ਬੁਲਾਰੇ ਨੂੰ ਖਾੜਕੂ ਜਥੇਬੰਦੀ ਬੱਬਰ ਖਾਲਸਾ ਦਾ ਸਿਆਸੀ ਚਿਹਰਾ ਦੱਸਿਆ ਸੀ। ਇਸ ਸਾਲ ਦੀ ਸ਼ੁਰੂਆਤ ਵਿੱਚ ਅਦਾਲਤ ਨੇ ਇਸ ਕੇਸ ਦਾ ਟਰਾਇਲ ਸ਼ੁਰੂ ਕੀਤਾ ਸੀ।ਰਾਜਿੰਦਰਪਾਲ ਸਿੰਘ ਨੇ ਕੇਸ ਵਿੱਚ ਦੋਸ਼ ਲਾਏ ਹਨ ਕਿ ਚਾਰ ਫਰਵਰੀ 2017 ਨੂੰ ਅਰਵਿੰਦ ਕੇਜਰੀਵਾਲ ਉਨ੍ਹਾਂ ਦੇ ਘਰ ਸਵੇਰੇ ਉਨ੍ਹਾਂ ਨੂੰ ਮਿਲਣ ਆਏ ਸਨ। ਇਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਕੁਝ ਦਿਨ ਪਹਿਲਾਂ ਕੇਜਰੀਵਾਲ ਨੇ ਪੰਜਾਬ ਵਿੱਚ ਆਖੰਡ ਕੀਰਤਨੀ ਜਥੇ ਨਾਲ ਨਾਸ਼ਤਾ ਕੀਤਾ। ਬੱਬਰ ਖਾਲਸਾ, ਜੋ ਸੰਸਾਰ ਪੱਧਰ 'ਤੇ ਖਾੜਕੂ ਜਮਾਤ ਹੈ, ਅਖੰਡ ਕੀਰਤਨੀ ਜਥਾ ਉਸ ਦਾ ਸਿਆਸੀ ਚਿਹਰਾ ਹੈ। ਰਾਜਿੰਦਰਪਾਲ ਸਿੰਘ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਨੇ ਜਾਣਬੁੱਝ ਕੇ ਅਜਿਹਾ ਕੀਤਾ ਸੀ ਅਤੇ ਇਸ ਨਾਲ ਉਨ੍ਹਾਂ ਦਾ ਅਕਸ ਖਰਾਬ ਹੋਇਆ ਹੈ। ਇਸ ਕੇਸ ਵਿੱਚ ਸੁਖਬੀਰ ਸਿੰਘ ਬਾਦਲ ਪੇਸ਼ ਨਹੀਂ ਹੋ ਰਹੇ।

## ਧੁੰਦ ਕਾਰਨ ਵਾਪਰੇ ਹਾਦਸੇ ਵਿੱਚ ਦੋ ਮੌਤਾਂ, ਪੰਜ ਜ਼ਖਮੀ

ਸਮਰਾਲਾ, 1 ਦਸੰਬਰ (ਪੋਸਟ ਬਿਊਰੋ)- ਸਮਰਾਲਾ ਨੇੜੇ ਕੱਲ੍ਹ ਸਵੇਰੇ ਸੰਘਣੀ ਧੁੰਦ ਕਾਰਨ ਇਨੋਵਾ ਕਾਰ ਦੀ ਟਿੱਪਰ ਦੇ ਨਾਲ ਟੱਕਰ ਹੋਣ ਕਾਰਨ ਇਨੋਵਾ ਵਿੱਚ ਬੈਠੇ ਬੈਂਡ-ਵਾਜਾ ਪਾਰਟੀ ਦੇ ਦੋ ਮੈਂਬਰਾਂ ਦੀ ਮੌਤ ਹੋ ਗਈ ਅਤੇ ਪੰਜ ਜਣੇ ਗੰਭੀਰ ਜ਼ਖਮੀ ਹੋ ਗਏ। ਸਾਰੇ ਜ਼ਖਮੀਆਂ ਨੂੰ ਸਮਰਾਲਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੇ ਕੇ ਅਗਲੇ ਇਲਾਜ ਲਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਰਾੜਾ ਸਾਹਿਬ ਦੀਪ ਪਾਈਪ ਬੈਂਡ ਦੇ ਇਹ ਸੱਤ ਮੈਂਬਰ ਰੋਪੜ ਵਿੱਚ ਇੱਕ ਵਿਆਹ ਸਮਾਗਮ ਵਿੱਚ ਬੈਂਡ ਵਜਾਉਣ ਲਈ ਇਨੋਵਾ 'ਤੇ ਜਾ ਰਹੇ ਸਨ। ਧੁੰਦ ਸੰਘਣੀ ਹੋਣ ਕਾਰਨ ਸਰਹਿੰਦ ਨਹਿਰ ਕਿਨਾਰੇ ਪਿੰਡ ਜਲਾਹ ਮਾਜਰਾ ਨੇੜੇ ਇਨ੍ਹਾਂ ਦੀ ਗੱਡੀ ਇੱਕ ਟਿੱਪਰ ਨਾਲ ਜਾ ਟਕਰਾਈ। ਇਸ ਦੌਰਾਨ ਇਨੋਵਾ ਵਿੱਚ ਬੈਠੇ ਸੱਤੇ ਮੈਂਬਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਮਰਾਲਾ ਦੇ ਸਿਵਲ ਹਸਪਤਾਲ ਭੇਜਿਆ ਗਿਆ। ਇਥੇ ਡਾਕਟਰਾਂ ਨੇ ਜਸਵੀਰ ਸਿੰਘ (40) ਅਤੇ ਜਗਪ੍ਰੀਤ ਸਿੰਘ (30) ਵਾਸੀ ਰਾੜਾ ਸਾਹਿਬ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਜ਼ਖਮੀ ਦਵਿੰਦਰ ਸਿੰਘ, ਰਾਣਾ (ਵਾਸੀ ਰਾੜਾ ਸਾਹਿਬ), ਮੱਖਣ ਸਿੰਘ, ਪਵਿੱਤਰ ਸਿੰਘ (ਵਾਸੀ ਦਬੁਰਜੀ) ਅਤੇ ਤਰਸੇਮ ਸਿੰਘ ਵਾਸੀ ਲਾਪਰਾਂ ਨੂੰ ਮੁੱਢਲੀ ਸਹਾਇਤਾ ਦੇਣ ਪਿੱਛੋਂਚੰਡੀਗੜ੍ਹ ਦੇ ਸੈਕਟਰ 32 ਭੇਜ ਦਿੱਤਾ ਗਿਆ। ਹਾਦਸੇ ਪਿੱਛੋਂ ਟਿੱਪਰ ਚਾਲਕ ਫਰਾਰ ਹੋ ਗਿਆ। ਮਾਛੀਵਾੜਾ ਪੁਲਸ ਨੇ ਟਿੱਪਰ ਆਪਣੇ ਕਬਜ਼ੇ ਵਿੱਚ ਲੈ ਕੇ ਡਰਾਈਵਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਦੀਪ ਪਾਈਪ ਬੈਂਡ ਦੀ ਟੀਮ ਪਿੰਡ ਰਾੜਾ ਸਾਹਿਬ ਤੋਂ ਇਨੋਵਾ ਵਿੱਚ ਰੋਪੜਦੇ ਇੱਕ ਪਿੰਡ ਵਿੱਚ ਵਿਆਹ ਸਮਾਗਮ ਵਿੱਚ ਜਾ ਰਹੀ ਸੀ। ਉਹ ਸਵੇਰੇ ਸੱਤ ਵਜੇ ਰਾੜਾ ਸਾਹਿਬ ਤੋਂਨਿਕਲੇ ਸਨ। ਕਰੀਬ 15 ਕਿਲੋਮੀਟਰ ਦਾ ਸਫਰ ਤੈਅ ਕੀਤਾ ਸੀ ਕਿ ਉਨ੍ਹਾਂ ਦੀ ਗੱਡੀ ਪੱਥਰਾਂ ਨਾਲ ਭਰੇ ਟਿੱਪਰ ਨਾਲ ਟਕਰਾਅ ਗਈ।

# ਮੁੱਖ ਮੰਤਰੀ ਨੇ ਸੁਲਤਾਨਪੁਰ ਲੋਧੀ ਵਿਖੇ 40.75 ਕਰੋੜ ਰੁਪਏ ਦੇ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ

ਸੁਲਤਾਨਪੁਰ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਦੇ ਵਿਕਾਸ ਨੂੰ ਹੁਲਾਰਾ ਦੇਣ ਲਈਇਸ ਸ਼ਹਿਰ ਵਿੱਚ 40.75 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੇ ਨੀਂਹ ਪੱਥਰ ਰੱਖੇ ਹਨ।



ਕੱਲ੍ਹ ਗੁਰੂ ਸਾਹਿਬ ਦੇ ਪੰਜਾਬ ਸਰਕਾਰ ਵੱਲੋਂਗੁਰਪੁਰਬ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਮਗਰੋਂ ਮੁੱਖ ਮੰਤਰੀ ਨੇਏਥੇਜਿਹੜੇ ਨੀਂਹ ਪੱਥਰ ਰੱਖੇ, ਉਨ੍ਹਾਂ ਵਿੱਚ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕਿਲ੍ਹਾ ਸਰਾਏ ਦੇ ਨਵੀਨੀਕਰਨ ਤੇ ਸੰਭਾਲ ਦਾ ਪ੍ਰਾਜੈਕਟ 6.5 ਕਰੋੜ ਨਾਲ, ਸਰਕਾਰੀ ਸਕੂਲ ਵਿਖੇ ਗਰਿੱਡ ਟਾਈਡ ਰੂਫ ਟਾਪ ਸੋਲਰ ਪਾਵਰ ਪਲਾਂਟ 1.25 ਕਰੋੜ ਰੁਪਏ ਨਾਲ, ਸਮਾਰਟ ਸਕੂਲ 9.5 ਕਰੋੜ ਨਾਲ, ਸੀਵਰੇਜ ਟ੍ਰੀਟਮੈਂਟ ਪਲਾਂਟ 20 ਕਰੋੜ ਨਾਲ, ਨਵਾਂ ਮਿੰਨੀ ਸਕੱਤਰੇਤ 3 ਕਰੋੜ ਰੁਪਏ ਨਾਲ ਅਤੇ ਸਮਾਰਟ ਆਂਗਣਵਾੜੀ ਸੈਂਟਰ 45 ਲੱਖ ਰੁਪਏ ਦੀ ਲਾਗਤ ਨਾਲ ਬਣਾਉਣਾ ਸ਼ਾਮਲ ਹੈ।ਉਨ੍ਹਾਂ ਨੇ ਸੁਲਤਾਨਪੁਰ ਲੋਧੀ ਦੇ ਵਿਕਾਸ ਬਾਰੇ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਮੌਕੇ ਲੋਕਾਂ ਨੂੰ ਸਮਰਪਿਤ ਕੀਤੇ ਪ੍ਰਾਜੈਕਟਾਂ ਵਿੱਚ ਪਵਿੱਤਰ ਕਾਲੀ ਵੇਈਂ ਦਾ ਸੁੰਦਰੀਕਰਨ 10.8 ਕਰੋੜ ਰੁਪਏ ਨਾਲ ਕੀਤਾ ਗਿਆ ਹੈ, ਜਦਕਿ ਗੁਰੂ ਨਾਨਕ ਦੇਵ ਜੀ ਸੈਂਟਰ ਫਾਰ ਇਨਵੈਕਸ਼ਨ, ਇਨੋਵੇਸ਼ਨ, ਇਨਕੁਬੇਸ਼ਨ ਐਂਡ ਟ੍ਰੇਨਿੰਗ ਵੀ 319 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬੇਬੇ ਨਾਨਕੀ ਕਾਲਜ ਫਾਰ ਗਰਲਜ਼ ਸਥਾਪਨਾ ਵੀ ਕੀਤੀ ਗਈ ਤਾਂ ਜੋ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ।ਉਨ੍ਹਾਂ ਨੇ ਸੜਕਾਂ ਦੇ ਮਜ਼ਬੂਤੀਕਰਨ ਦੇ ਬਾਰੇ ਦੱਸਿਆ ਕਿ ਇਸ ਉਪਰ 30 ਕਰੋੜ ਰੁਪਏ ਖਰਚ ਹੋਏ ਸਨ। ਸ਼ਰਧਾਲੂਆਂ ਦੀ ਸਹੂਲਤ ਲਈ ਰੇਲਵੇ ਸਟੇਸ਼ਨ ਸੁਲਤਾਨਪੁਰ ਲੋਧੀ ਦਾ ਵੀ ਨਵੀਨੀਕਰਨ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਕਿਹਾ ਕਿ ਇਤਿਹਾਸਕ ਸ਼ਹਿਰ ਦੇ ਚੰਗੇ ਸੜਕੀ ਸੰਪਰਕ ਲਈ ਗੁਰਦੁਆਰਾ ਸ੍ਰੀ ਬੇਰ ਸਾਹਿਬ ਨੂੰ ਆਉਂਦੀਆਂ ਸੜਕਾਂ ਉਪਰ 3 ਹਾਈ ਲੈਵਲ ਪੁਲ ਵੀ ਉਸਾਰੇ ਗਏ ਹਨ, ਜਿਨ੍ਹਾਂ ਉਪਰ 9.30 ਕਰੋੜ ਰੁਪਏ ਖਰਚੇ ਗਏ ਹਨ। ਇਸੇ ਤਰ੍ਹਾਂ ਸਥਾਨਕ ਬੱਸ ਸਟੈਂਡ ਦੀ ਉਸਾਰੀ ਦੇ ਨਾਲ-ਨਾਲ 11 ਕਰੋੜ ਰੁਪਏ ਨਾਲ ਇੱਕ ਜਮੀਨਦੋਜ਼ 66 ਕੇ ਵੀ ਸਬ ਸਟੇਸ਼ਨ ਵੀ ਉਸਾਰਿਆ ਗਿਆ ਹੈ।



# ਥਾਣੇ ਦੇ ਮਾਲ ਖਾਨੇ ਵਿੱਚੋਂ 20 ਲੱਖ ਗਾਇਬ ਹੋਣ 'ਤੇ ਮੁੱਖ ਮੁਨਸ਼ੀ ਗ੍ਰਿਫਤਾਰ

ਜੰਡਿਆਲਾ ਗੁਰੂ, 1 ਦਸੰਬਰ (ਪੋਸਟ ਬਿਊਰੋ)- ਸਥਾਨਕ ਥਾਣੇ ਦੇ ਮਾਲ ਖਾਨੇ ਵਿੱਚੋਂ ਵੀਹ ਲੱਖ ਰੁਪਏ ਗਾਇਬ ਹੋਣ 'ਤੇ ਮੁੱਖ ਮੁਨਸ਼ੀ ਦੇ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਸ ਬਾਰੇ ਡੀ ਐਸ ਪੀ ਜੰਡਿਆਲਾ ਗੁਰੂ ਸੁਖਵਿੰਦਰਪਾਲ ਸਿੰਘ ਨੇ ਦੱਸਿਆ ਕਿ ਜੰਡਿਆਲਾ ਗੁਰੂ ਥਾਣੇ ਦੇ ਮੁੱਖ ਮੁਨਸ਼ੀ ਕਿਸ਼ਨ ਚੰਦ ਨੇ 28 ਨਵੰਬਰ ਨੂੰ ਐਸ ਆਈ ਚਰਨ ਸਿੰਘ ਨੂੰ ਦੱਸਿਆ ਕਿ ਥਾਣੇ ਦੇ ਮਾਲ ਖਾਨੇ ਦੇ ਬਾਹਰ ਲੱਗਿਆ ਤਾਲਾ ਚੈਕ ਕਰਨ 'ਤੇ ਢਿੱਲਾ ਪਾਇਆ ਗਿਆ ਸੀ, ਜਿਸ ਨੂੰ 26 ਨਵੰਬਰ ਨੂੰ ਬਦਲ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਾਲ ਖਾਨੇ ਦੇ ਤਾਲੇ ਦੀਆਂ ਚਾਬੀਆਂ ਥਾਣੇ ਦੇ ਮੁੱਖ ਮੁਨਸ਼ੀ ਕੋਲ ਹੁੰਦੀਆਂ ਹਨ ਅਤੇ ਇਹ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਮਾਲ ਖਾਨੇ ਵਿੱਚ 20 ਲੱਖ ਰੁਪਏ ਬਤੌਰ ਮਾਲ ਮੁਕੱਦਮਾ ਅਤੇ ਹੋਰ ਕੀਮਤੀ ਸਾਮਾਨ ਰੱਖਿਆ ਹੋਇਆ ਸੀ। ਡੀ ਐਸ ਪੀ ਨੇ ਦੱਸਿਆ ਕਿ 28 ਨਵੰਬਰ ਨੂੰ ਥਾਣੇ ਦੇ ਸਹਾਇਕ ਮੁਨਸ਼ੀ ਸਿਪਾਹੀ ਹਰਪ੍ਰੀਤ ਸਿੰਘ ਨੇ ਮਾਲ ਖਾਨੇ ਅੰਦਰ ਪਿਆ ਬਕਸਾ ਚੈਕ ਕੀਤਾ ਤਾਂ ਉਸ ਵਿੱਚੋਂ ਵੀਹ ਲੱਖ ਰੁਪਏ ਗਾਇਬ ਮਿਲੇ। ਐਸ ਆਈ ਚਰਨ ਸਿੰਘ, ਕਿਸ਼ਨ ਚੰਦ ਮੁੱਖ ਮੁਨਸ਼ੀ, ਏ ਐਸ ਆਈ ਬਲਕਾਰ ਸਿੰਘ, ਸਿਪਾਹੀ ਹਰਪ੍ਰੀਤ ਸਿੰਘ ਤੇ ਸਿਪਾਹੀ ਸੰਦੀਪ ਸਿੰਘ ਨੇ ਮਾਲ ਖਾਨਾ ਦੁਬਾਰਾ ਚੈਕ ਕੀਤਾ ਤੇ ਦੇਖਿਆ ਕਿ ਮਾਲ ਖਾਨੇ ਅੰਦਰਲੇ ਬਕਸੇ ਦੇ ਕੁੰਡੇ ਟੁੱਟੇ ਹੋਏ ਸਨ। ਜਾਂਚ ਤੋਂ ਪਤਾ ਲੱਗਾ ਕਿ ਮਾਲ ਖਾਨੇ ਵਿੱਚੋਂ ਵੀਹ ਲੱਖ ਰੁਪਏ ਗਾਇਬ ਹਨ। ਜੰਡਿਆਲਾ ਗੁਰੂ ਪੁਲਸ ਨੇ ਥਾਣੇ ਦੇ ਮੁੱਖ ਮੁਨਸ਼ੀ ਕ੍ਰਿਸ਼ਨ ਚੰਦ ਦੇ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਡੀ ਐਸ ਪੀ ਨੇ ਦੱਸਿਆ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਚੱਲ ਰਹੀ ਹੈ ਤੇ ਜੇ ਕੋਈ ਹੋਰ ਵੀ ਮੁਲਜ਼ਮ ਪਾਇਆ ਗਿਆ ਤਾਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪ੍ਰੇਮ ਸੰਬੰਧਾਂ ਦੇ ਸ਼ੱਕ 'ਚ ਚਚੇਰੇ ਭਰਾਵਾਂ ਨੂੰ ਗੱਡੀ ਨਾਲ ਕੁਚਲਿਆ

ਤਰਨ ਤਾਰਨ, 1 ਦਸੰਬਰ (ਪੋਸਟ ਬਿਊਰੋ)- ਪਿੰਡ ਭੂਰਾ ਕੋਹਨਾ ਦੇ ਬੱਸ ਅੱਡੇ ਨੇੜੇ ਮੇਨ ਸੜਕ 'ਤੇ ਪ੍ਰੇਮ ਸੰਬੰਧਾਂ ਦੇ ਸ਼ੱਕ ਵਿੱਚ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਇਨੋਵਾ ਕਾਰ ਨਾਲ ਕੁਚਲ ਦਿੱਤਾ। ਇਸ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ, ਦੂਸਰਾ ਜ਼ਖਮੀ ਹੋ ਗਿਆ। ਹਾਦਸੇ ਦਾ ਸ਼ਿਕਾਰ ਹੋਏ ਨੌਜਵਾਨ ਚਚੇਰੇ ਭਰਾ ਦੱਸੇ ਜਾ ਰਹੇ ਹਨ। ਥਾਣਾ ਖੇਮਕਰਨ ਪੁਲਸ ਨੇ ਦੋ ਔਰਤਾਂ ਸਮੇਤ ਸੱਤ ਜਣਿਆਂ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ।

ਜ਼ਖਮੀ ਲੜਕੇ ਗੁਰਪਿੰਦਰ ਸਿੰਘ ਪਿੰਡ ਮਹਿਮੂਦਪੁਰਾ ਨੇ ਪੁਲਸ ਨੂੰ ਦੱਸਿਆ ਕਿ ਪਿੰਡ ਭੂਰਾ ਕੋਹਨਾ ਦੀਆਂ ਦੋ ਔਰਤਾਂ ਮਾਣੋ ਉਰਫ ਨਿੰਦਰ ਕੌਰ, ਜਿਸ ਦਾ ਵਿਆਹ ਪਿੰਡ ਮਨਾਵਾਂ ਵਿੱਚ ਹੋਇਆ ਹੈ ਤੇ ਉਸ ਦੀ ਭੈਣ ਅਮਰਜੀਤ ਕੌਰ, ਜੋ ਪੱਟੀ ਵਿੱਚ ਰਹਿੰਦੀ ਹੈ, ਨੇ ਉਨ੍ਹਾਂ ਦੋਵਾਂ ਨੌਜਵਾਨਾਂ ਨੂੰ ਮਿਲਣ ਲਈ ਆਪਣੇ ਪੇਕੇ ਪਿੰਡ ਭੂਰਾ ਕੋਹਨਾ ਅੱਡੇ ਉਤੇ ਧੋਖੇ ਨਾਲ ਬੁਲਾਇਆ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਬੁਲਾ ਲਿਆ। ਜਦ ਉਹ ਮੋਟਰ ਸਾਈਕਲ 'ਤੇ ਭੱਜਣ ਲੱਗੇ ਤਾਂ ਉਨ੍ਹਾਂ ਨੇ ਪਿੱਛੇ ਗੱਡੀ ਲਾ ਕੇ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਹ ਦੋਵੇਂ ਗੰਭੀਰ ਜ਼ਖਮੀ ਹੋ ਗਏ। ਘਟਨਾ ਦਾ ਪਤਾ ਲੱਗਣ 'ਤੇ ਲੋਕਾਂ ਨੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਤਾਂ ਅਨਮੋਲ ਪ੍ਰੀਤ ਸਿੰਘ (17) ਦੀ ਰਾਹ ਵਿੱਚ ਮੌਤ ਹੋ ਗਈ।ਡੀ ਐਸ ਪੀ ਭਿਖੀਵਿੰਡ ਰਾਜਬੀਰ ਸਿੰਘ ਨੇ ਦੱਸਿਆ ਕਿ ਦੋ ਔਰਤਾਂ ਸਮੇਤ ਲਵਪ੍ਰੀਤ ਸਿੰਘ ਲੱਭਾ, ਅਮਨ ਉਰਫ ਮਨੀ, ਗੁਰਪ੍ਰੀਤ ਸਿੰਘ ਗੋਪੀ ਅਤੇ ਦੋ ਅਣਪਛਾਤੇ ਲੋਕਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।



# ਮਨਜੀਤ ਸਿੰਘ ਜੀ ਕੇ ਵੱਲੋਂ ਦੋਸ਼, ਮਨਜਿੰਦਰ ਸਿੰਘ ਸਿਰਸਾ ਨੇ ਲੰਗਰ ਦਾ ਸਿਆਸੀਕਰਨ ਕੀਤੇ



ਜਲੰਧਰ, 1 ਦਸੰਬਰ (ਪੋਸਟ ਬਿਊਰੋ)- ਮਨਜੀਤ ਸਿੰਘ ਜੀ ਕੇ ਦੀ ਜਾਗੋ ਪਾਰਟੀ ਨੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਉੱਤੇ ਗੁਰੂ ਦੇ ਲੰਗਰ ਦਾ ਸਿਆਸੀਕਰਨ ਕਰਨ ਦਾ ਦੋਸ਼ ਲਾਇਆ ਹੈ। ਜਾਗੋ ਦੇ ਅੰਤਰਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਸਿਰਸਾ ਵੱਲੋਂ ਲੰਗਰ ਦੇ ਨਾਂ ਉਤੇ ਕੀਤੀਆਂ ਜਾ ਰਹੀਆਂ ਹਰਕਤਾਂ ਨੂੰ ਬਚਕਾਨਾ ਅਤੇ ਗੈਰ-ਜ਼ਰੂਰੀ ਦੱਸਿਆ ਅਤੇ ਨਿੰਦਾ ਕੀਤੀ ਹੈ।

ਆਪਣੀ ਪਾਰਟੀ ਦੇ ਦਫ਼ਤਰ ਵਿਖੇ ਵਾਰਡ ਨੰਬਰ 45 ਖੁਰੇਜੀ ਖ਼ਾਸ ਤੋਂ ਗੁਰਮੀਤ ਸਿੰਘ ਕੋਹਲੀ ਦੀ ਅਗਵਾਈ 'ਚ ਪਾਰਟੀ ਵਿੱਚ ਸ਼ਾਮਲ ਹੋਏ ਸੈਂਕੜੇ ਲੋਕਾਂ ਦਾ ਸਵਾਗਤ ਕਰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਲੰਗਰ ਗੁਰੂ ਦਾ ਹੈ, ਇਸ ਲਈ ਜਦੋਂਮਨਜਿੰਦਰ ਸਿੰਘ ਸਿਰਸਾ ਕਿਸਾਨਾਂ ਨੂੰ ਲੰਗਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਭੇਜੇ ਜਾਣ ਦਾ ਦਾਅਵਾ ਕਰਦਾ ਹੈ ਤਾਂ ਕਿਸਾਨ ਉਸ ਦਾ ਵਿਰੋਧ ਕਰਦੇ ਹਨ। ਮਨਜੀਤ ਸਿੰਘ ਜੀ ਕੇ ਨੇ ਦਾਅਵਾ ਕੀਤਾ ਕਿ ਬਾਦਲਾਂ ਨੂੰ ਪੰਜਾਬ ਦੇ ਲੋਕ ਚਿਮਟੇ ਨਾਲ ਫੜਨ ਲਈ ਵੀ ਤਿਆਰ ਨਹੀਂ,ਕਿਉਂਕਿ ਪਹਿਲਾਂ ਸਰਕਾਰ ਵਿੱਚ ਬੈਠਕੇ ਖੇਤੀ ਬਿੱਲਾਂ ਨੂੰ ਇਨ੍ਹਾਂ ਦੀ ਮੰਤਰੀ ਹਰਸਿਮਰਤ ਕੌਰ ਬਾਦਲ ਪਾਸ ਕਰਵਾਉਂਦੀ ਹੈ, ਫਿਰ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਦੇ ਬਾਅਦ ਯੂ-ਟਰਨ ਲੈਂਦੀ ਹੈ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਕਦੇ ਮਨਜਿੰਦਰ ਸਿੰਘ ਸਿਰਸਾ ਕੇਲਿਆਂ ਦੇ ਟਰੱਕ ਉਤੇ ਚੜ੍ਹ ਜਾਂਦੇ ਹਨ, ਕਦੇ ਜੀਪ ਦੇ ਪਿੱਛੇ ਲਟਕ ਕੇ ਫੇਸਬੁੱਕ ਲਾਈਵ ਕਰਕੇ ਕਹਿੰਦੇ ਹਨ ਕਿ ਪੁਲਸ ਮੇਰਾ ਪਿੱਛਾ ਕਰ ਰਹੀ ਹੈ, ਪਰ ਘਬਰਾਉਣਾ ਨਹੀਂ, ਮੈਂ ਲੰਗਰ ਲੈ ਕੇ ਆ ਰਿਹਾ ਹਾਂ। ਸਿਰਸਾ ਨੂੰ ਨੌਟੰਕੀਬਾਜ਼ ਕਰਾਰ ਦਿੰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਮੇਰੇ ਕਮੇਟੀ ਪ੍ਰਧਾਨ ਰਹਿੰਦੇ ਸਮੇਂ ਜੰਤਰ-ਮੰਤਰ ਉਤੇ ਅੰਦੋਲਨ ਕਰਨ ਆਏ 2 ਲੱਖ ਤੱਕ ਕਿਸਾਨਾਂ ਨੂੰ ਅਸੀਂ ਰੋਜ਼ ਲੰਗਰ ਛਕਾਉਂਦੇ ਸੀ, ਪਰ ਏਦਾਂ ਰੌਲਾ ਨਹੀਂ ਪਾਉਂਦੇ ਸੀ। ਉਨ੍ਹਾਂ ਨੇ ਮਨਜਿੰਦਰ ਸਿੰਘ ਸਿਰਸਾ ਨੂੰ ਪੁੱਛਿਆ ਕਿ ਉਹ ਕਿਸਾਨਾਂ ਨੂੰ ਕਿਉਂ ਕਹਿ ਰਹੇ ਹਨ ਕਿ ਘਬਰਾਉਣਾ ਨਹੀਂ, ਕਿਸਾਨ ਤਾਂ ਪਹਿਲਾਂ ਹੀ ਆਪਣੇ ਨਾਲ 6 ਮਹੀਨਿਆਂ ਦਾ ਰਾਸ਼ਨ ਲੈ ਕੇ ਆਏ ਹਨ। ਉਨ੍ਹਾ ਕਿਹਾ ਕਿ ਆਪਣੇ ਪ੍ਰਧਾਨਗੀ ਕਾਲ ਵਿੱਚ ਸਿਰਸਾ ਕੋਈ ਵੱਡਾ ਕੰਮ ਕਰਨ ਵਿੱਚ ਕਾਮਯਾਬ ਨਹੀਂ ਰਹੇ, ਪਰ ਇੱਕ ਬਾਲਟੀ ਦਾਲ ਨਾਲ ਇੱਕ ਕੜਛੀ ਦਾਲ ਪਾਉਂਦੇ ਹੋਏ ਵਿਖਾਉਣ ਲਈ ਫੇਸਬੁੱਕ ਲਾਈਵ ਕਰਨ ਦੀ ਲੋੜ ਨਹੀਂ ਸੀ। ਇਹ ਗੁਰੂ ਦੀ ਗੋਲਕ 'ਚੋਂ ਜਾ ਰਹੇ ਲੰਗਰ ਦਾ ਸਿਆਸੀਕਰਨ ਹੈ।

## ਸੁਪਰੀਮ ਕੋਰਟ ਤੋਂ ਮੰਗੀ ਮਦਦ:
## ਵਿਦਿਆਰਥੀ ਨੇ ਗਲਤ ਲਿੰਕ ਨੂੰ ਕਲਿਕ ਕਰਨ ਨਾਲ ਆਈ ਆਈ ਟੀ-ਬੰਬੇ ਦੀ ਸੀਟ ਗੁਆਈ



ਮੁੰਬਈ, 1 ਦਸੰਬਰ (ਪੋਸਟ ਬਿਊਰੋ)- ਜੇ ਈ ਈ ਦੀ ਪ੍ਰੀਖਿਆ ਵਿੱਚ ਆਲ ਇੰਡੀਆ ਪੱਧਰ 'ਤੇ 270ਵਾਂ ਰੈਂਕ ਹਾਸਲ ਕਰਨ ਵਾਲੇ ਯਤੀਮ 18 ਸਾਲਾ ਵਿਦਿਆਰਥੀ ਦੀ ਇੱਕ ਗਲਤੀ ਨੇ ਉਸ ਦੇ ਸਾਰੇ ਸੁਫਨਿਆਂ ਉਤੇ ਪਾਣੀ ਫੇਰ ਦਿੱਤਾ ਹੈ ਅਤੇ ਇਸ ਗਲਤੀ ਕਾਰਨ ਉਸ ਨੂੰ ਆਪਣੀ ਸੀਟ ਗਵਾਉਣੀ ਪੈ ਗਈ ਹੈ। ਇਸ ਤੋਂ ਰਾਹਤ ਲੈਣ ਦੇ ਲਈ ਉਹ ਸੁਪਰੀਮ ਕੋਰਟ ਦੀ ਸ਼ਰਨ ਵਿੱਚ ਅਪੀਲ ਕਰਨ ਲਈ ਪਹੁੰਚ ਗਿਆ ਹੈ। ਸਿੰਗਲ ਮਦਰ ਨਾਲ ਪਲਿਆ ਤੇ ਵੱਡਾ ਹੋਇਆ ਇਹ ਵਿਦਿਆਰਥੀ ਜੇ ਈ ਈ ਵਿੱਚ ਸ਼ਾਨਦਾਰ ਰੈਂਕ ਹਾਸਲ ਕਰਨ ਦੇ ਬਾਅਦ ਆਈ ਆਈ ਟੀ-ਬੰਬੇ ਵਿੱਚ ਆਪਣੀ ਪਸੰਦ ਦੇ ਇਲੈਕਟ੍ਰੀਕਲ ਇੰਜੀਨੀਅਰਿੰਗ ਬੀ ਟੈਕ ਕੋਰਸ ਵਿੱਚ ਜਗ੍ਹਾ ਪੱਕੀ ਕਰ ਗਿਆ ਸੀ, ਪਰ ਇਹ ਸੀਟ ਉਸ ਨੇ ਆਪਣੀ ਇੱਕ ਗਲਤੀ ਨਾਲ 15 ਦਿਨ ਵਿੱਚ ਹੀ ਗਵਾ ਦਿੱਤੀ।ਦਰਅਸਲ ਆਗਰਾ ਦੇ ਵਸਨੀਕ ਸਿਧਾਂਤ ਬੱਤਰਾ ਨੂੰ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਜੇ ਈ ਈ (ਐਡਵਾਂਸਡ) 2020 ਵਿੱਚ ਜਗ੍ਹਾ ਪੱਕੀ ਕਰਨ ਦੇ ਬਾਅਦ 18 ਅਕਤੂਬਰ ਨੂੰ ਪਹਿਲੇ ਰਾਊਂਡ ਵਿੱਚ ਲੈ ਲਿਆ ਗਿਆ ਸੀ, ਪਰ ਰੋਲ ਨੰਬਰ ਨੂੰ ਅਪਡੇਟ ਕਰਨ ਵੇਲੇ ਉਸ ਨੇ 'ਅਗਲੇ ਰਾਊਂਡ ਵਿੱਚ ਸੀਟ ਵਾਪਸੀ' ਦੇ ਲਿੰਕ 'ਤੇ ਗਲਤੀ ਨਾਲ ਕਲਿਕ ਕਰ ਦਿੱਤਾ, ਜਿਸ ਦਾ ਮਤਲਬ ਇਹ ਹੁੰਦਾ ਹੈ ਕਿ ਉਸ ਨੂੰ ਐਡਮਿਸ਼ਨ ਦੀ ਲੋੜਨਹੀਂ ਹੈ। ਇਸ ਦੇ ਬਾਅਦ 10 ਨਵੰਬਰ ਨੂੰ ਜਦ ਚਾਰ ਸਾਲਾ ਬੀ ਟੈਕ ਦੀ ਇਲੈਕਟ੍ਰੀਕਲ ਇੰਜੀਨੀਅਰਿੰਗ ਕੋਰਸ ਦੀ ਸੂਚੀ ਆਈ ਤਾਂ ਉਸ ਵਿੱਚੋਂ ਸਿਧਾਂਤ ਦਾ ਨਾਂਅ ਗਾਇਬ ਸੀ। ਉਸ ਨੇ 19 ਨਵੰਬਰ ਨੂੰ ਕੋਰਟ ਵਿੱਚ ਅਰਜ਼ੀ ਲਾ ਕੇ ਵੋਕੇਸ਼ਨ ਬੈਂਚ ਨੂੰ ਕਿਹਾ ਕਿ ਉਹ ਆਈ ਆਈ ਟੀ ਬੰਬੇ ਨੂੰ ਹੁਕਮ ਦੇਣ ਕਿ ਉਹ ਦੋ ਦਿਨਾਂ ਦੇ ਅੰਦਰ ਇਸ ਉੱਤੇ ਵਿਚਾਰ ਕਰੇ, ਪਰ ਜਦ ਲੇਟ ਰਜਿਸਟਰੇਸ਼ਨ ਦੇ ਲਈ ਸਿਰਫ ਦੋ ਦਿਨ ਬਾਕੀ ਰਹਿ ਗਏ ਸਨ, ਇਸ ਲਈ ਬੱਤਰਾ ਦੀ ਇਹ ਅਪੀਲ ਰੱਦ ਕਰ ਦਿੱਤੀ ਗਈ।

## ਸ਼ਰਮਿੰਦੇ ਕਰਨ ਤੋਂ ਬਾਅਦ ਇਸਲਾਮੀ ਦੇਸ਼ਾਂ ਨੇ ਜੰਮੂ-ਕਸ਼ਮੀਰ 'ਤੇ ਪਾਕਿਸਤਾਨ ਨੂੰ ਪੁਚਕਾਰਿਆ

ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਨੂੰ ਲੈ ਕੇ ਦਰ-ਦਰ ਦੀ ਠੋਕਰਾਂ ਖਾ ਚੁੱਕੇ ਇਮ-ਰਾਨ ਖ਼ਾਨ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਉਹ ਜ਼ਰਾ ਕੁ ਪੁਚਕਾਰ ਨੂੰ ਆਪਣੀ ਜਿੱਤ ਦੱਸਣ ਲੱਗਦੇ ਹਨ।ਕੱਲ੍ਹ ਸ਼ਾਮ ਨੂੰ ਪਾਕਿਸਤਾਨ ਨੇ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੇ ਮਤੇ ਵਿੱਚ ਜੰਮੂ-ਕਸ਼ਮੀਰ ਦੇ ਜ਼ਿਕਰ ਦਾ ਦਾਅਵਾ ਕਰਦੇ ਹੋਏ ਇਸ ਨੂੰ ਆਪਣੀ ਲਈ ਵੱਡੀ ਜਿੱਤ ਦੱਸਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਨੇ ਟਵੀਟ ਕਰਕੇ ਕਿਹਾ ਕਿ ਨਾਈਜ਼ਰ ਦੀ ਰਾਜਧਾਨੀ ਨਿਆਮੀ ਵਿੱਚ ਹੋਈ ਇਸਲਾਮਿਕ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਜੰਮੂ-ਕਸ਼ਮੀਰ ਦੇ ਮੁੱਦੇ ਨੂੰ 'ਨਿਆਮੀ ਐਲਾਨਨਾਮੇ' ਵਿੱਚ ਅਹਿਮ ਸਥਾਨ ਦਿੱਤਾ ਗਿਆ ਹੈ। ਸੱਚਾਈ ਇਹ ਹੈ ਕਿ ਪਾਕਿਸਤਾਨ ਲਗਾਤਾਰ ਕਸ਼ਮੀਰ ਮੁੱਦੇ ਉਤੇ ਓ ਆਈ ਸੀ ਵਿੱਚ ਵੱਖਰੀ ਚਰਚਾ ਕਰਨ ਦੀ ਮੰਗ ਕਰਦਾ ਰਿਹਾ ਹੈ, ਪਰ ਹਰ ਵਾਰ ਉਸ ਨੂੰ ਅੰਗੂਠਾ ਦਿਖਾਇਆ ਗਿਆ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਨੇ ਟਵੀਟ ਕੀਤਾ, "ਨਿਆਮੀ ਡੈਕਲਰੇਸ਼ਨ ਵਿੱਚ ਜੰਮੂ-ਕਸ਼ਮੀਰ ਵਿਵਾਦ ਨੂੰ ਸ਼ਾਮਲ ਕੀਤਾ ਜਾਣਾ ਅਤੇ ਵਿਦੇਸ਼ ਮੰਤਰੀਆਂ ਦੀ ਕਮੇਟੀ ਦੇ ਦਸਤਾਵੇਜ਼ ਦਾ ਅਹਿਮ ਹਿੱਸਾ ਬਣਨਾ ਕਸ਼ਮੀਰ ਮੁੱਦੇ ਉਤੇ ਓ ਆਈ ਸੀ ਦੇ ਲਗਾਤਾਰ ਸਮਰਥਨ ਦਾ ਇਕ ਹੋਰ ਪ੍ਰਗਟਾਵਾ ਹੈ।" ਸੱਚਾਈ ਇਹ ਹੈ ਕਿ 57 ਮੈਂਬਰਾਂ ਵਾਲੇ ਇਸ ਸੰਗਠਨ ਦੇ ਸੈਕਟਰੀਏਟ ਵੱਲੋਂ ਪਾਸ ਕੀਤੇ ਮਤੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਨਾਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਕੱਲ੍ਹ ਸਵੇਰੇ ਉਸ ਸਮੇਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ,ਜਦੋਂ ਕਿਹਾ ਗਿਆ ਕਿ ਓ ਆਈ ਸੀ ਨੇ ਕਸ਼ਮੀਰ ਉਤੇ ਵੱਖਰੀ ਚਰਚਾ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਨਵੀਂ ਦਿੱਲੀ ਨੂੰ ਇਸ ਗੱਲ ਉਤੇ ਹੈਰਾਨੀ ਨਹੀਂ ਹੋਵੇਗੀ, ਜੇ ਪ੍ਰਸਤਾਵ ਵਿੱਚ ਕਸ਼ਮੀਰ ਮੁੱਦੇ ਦਾ ਰਸਮੀ ਹਵਾਲਾ ਦਿੱਤਾ ਗਿਆ ਹੋਵੇ, ਪਰ ਮਹੱਤਵਪੂਰਨ ਇਹ ਹੈ ਕਿ ਜੰਮੂ-ਕਸ਼ਮੀਰ ਬਾਰੇ ਕੋਈ ਵੀ ਵੱਖਰੀ ਚਰਚਾ ਨਹੀਂ ਹੋਈ। ਇਮਰਾਨ ਖ਼ਾਨ ਸਰਕਾਰ ਨੇ ਇਸ ਨੂੰ ਆਪਣੀ ਇਜ਼ਤ ਦਾ ਸਵਾਲ ਬਣਾ ਰੱਖਿਆ ਸੀ ਅਤੇ ਇੱਕ ਵਾਰ ਫਿਰ ਉਨ੍ਹਾਂ ਨੂੰ ਸ਼ਰਮਿੰਦਗੀ ਝੱਲਣੀ ਪਈ ਹੈ। ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਧਾਰਾ 370 ਨੂੰ ਹਟਾਏ ਜਾਣ ਦੇ ਬਾਅਦ ਤੋਂ ਪਾਕਿਸਤਾਨ ਲਗਾਤਾਰ ਓ ਆਈ ਸੀ ਵਿਦੇਸ਼ ਮੰਤਰੀਆਂ ਦੀ ਮੀਟਿੰਗ ਬੁਲਾਉਣ ਦੀ ਮੰਗ ਕਰਦਾ ਆ ਰਿਹਾ ਹੈ।

# ਪਾਕਿਸਤਾਨੀ ਹਵਾਈ ਫ਼ੌਜ ਵੱਲੋਂ ਪੁੰਛ ਵਿੱਚ ਭਾਰਤੀ ਹਵਾਈ ਖੇਤਰ ਦੀ ਉਲੰਘਣਾ



ਪੁੰਛ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਨੇ ਕੱਲ੍ਹ ਬਾਅਦ ਦੁਪਹਿਰ ਗੋਲੀਬੰਦੀ ਦੀ ਉਲੰਘਣਾ ਕਰਦੇ ਹੋਏ ਮੋਹਰਲੀਆਂ ਚੋਕੀਆਂ ਦੇ ਨਾਲ ਰਿਹਾਇਸ਼ੀ ਇਲਾਕਿਆਂ ਉਪਰ ਮੋਰਟਾਰ ਦੇ ਗੋਲੇ ਦਾਗੇ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨੀ ਫ਼ੌਜ ਨੇ ਦੁਪਹਿਰੇ ਲੱਗਭਗ ਸਵਾ 2 ਵਜੇ ਭਾਰਤ-ਪਾਕਿ ਕੰਟਰੋਲ ਰੇਖਾ 'ਤੇ ਸ਼ਾਹਪੁਰ ਕੇਰਨੀ ਸੈਕਟਰ ਵਿੱਚ ਭੜਕਾਹਟ ਦੀ ਕਾਰਵਾਈ ਕਰਦੇ ਹੋਏ ਛੋਟੇ ਆਟੋਮੈਟਿਕ ਹਥਿਆਰਾਂ ਨਾਲ ਫਾਇਰਿੰਗ ਕੀਤੀ। ਭਾਰਤੀ ਫ਼ੌਜ ਨੇ ਮੂੰਹ ਤੋੜ ਜਵਾਬ ਦਿੱਤਾ, ਜਿਸ 'ਤੇ ਪਾਕਿਸਤਾਨ ਦੀ ਫ਼ੌਜ ਨੇ ਰਿਹਾਇਸ਼ੀ ਇਲਾਕਿਆਂ ਵੱਲ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਨਾਲ ਪੂਰੇ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਕੱਲ੍ਹ ਰਾਤ ਦੇਰ ਤੱਕ ਰੁਕ-ਰੁਕ ਕੇ ਦੋਹਾਂ ਪਾਸਿਆਂ ਤੋਂ ਗੋਲਾਬਾਰੀ ਜਾਰੀ ਸੀ।ਪਾਕਿਸਤਾਨ ਦੀ ਹਵਾਈ ਫ਼ੌਜ ਨੇ ਇੱਕ ਕਦਮ ਹੋਰ ਅੱਗੇ ਵਧ ਕੇ ਭਾਰਤੀ ਹਵਾਈ ਖੇਤਰ ਦੀ ਉਲੰਘਣਾ ਕੀਤੀ। ਕੱਲ੍ਹ ਸਵੇਰੇ 8.30 ਵਜੇ ਪਾਕਿਸਤਾਨ ਦਾ ਇੱਕ ਲੜਾਕੂ ਹਵਾਈ ਜਹਾਜ਼ ਕੰਟਰੋਲ ਰੇਖਾ ਨੇੜੇ ਪਿੰਡ ਦਿਗਵਾਰ ਤੋਂ ਭਾਰਤੀ ਇਲਾਕੇ ਅੰਦਰ ਦਾਖਲ ਹੋਇਆ ਤੇ ਉਸ ਨੇ ਕਈ ਕਿਲੋਮੀਟਰ ਤੱਕ ਉਡਾਣ ਭਰੀ। ਉਸ ਪਿੱਛੋਂ ਉਹ ਮਾਲਟੀ ਖੇਤਰ ਤੋਂ ਹੁੰਦਾ ਹੋਇਆ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਵੱਲ ਚਲਾ ਗਿਆ।

ਇਸ ਮੌਕੇ ਮੌਜੂਦ ਸਥਾਨਕ ਵਾਸੀਆਂ ਰਾਜੇਸ਼ ਕੁਮਾਰ, ਸੁਨੀਲ ਸ਼ਰਮਾ, ਅਫਜ਼ਲ ਅਹਿਮਦ, ਰਵਿੰਦਰ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਉਹ ਸਵੇਰੇ ਆਪਣੇ ਖੇਤਾਂ ਵਿੱਚ ਕੰਮ ਕਰ ਰਹੇ ਸਨ ਕਿ ਅਚਾਨਕ ਹਵਾਈ ਜਹਾਜ਼ ਦੀ ਆਵਾਜ਼ ਆਉਣ ਲੱਗੀ। ਉਨ੍ਹਾਂ ਵੇਖਿਆ ਕਿ ਕੰਟਰੋਲ ਰੇਖਾ ਦੇ ਦੂਜੇ ਪਾਸਿਉਂ ਪਾਕਿਸਤਾਨ ਦਾ ਹਵਾਈ ਜਹਾਜ਼ ਭਾਰਤੀ ਇਲਾਕੇ ਅੰਦਰ ਉਡ ਰਿਹਾ ਹੈ। ਉਹ ਡਰ ਗਏ ਕਿ ਕਿਤੇ ਇਹ ਹਵਾਈ ਜਹਾਜ਼ ਗੋਲੇ ਹੀ ਨਾ ਵਰ੍ਹਾ ਦੇਵੇ।

# ਲਕਸ਼ਮੀ ਵਿਲਾਸ ਬੈਂਕ ਦੇ ਗਾਹਕਾਂ ਨੂੰ ਸਭ ਸੇਵਾਵਾਂ ਮਿਲਣਗੀਆਂ



ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਡੀ ਬੀ ਐਸ ਬੈਂਕ ਇੰਡੀਆ ਨੇ ਕਿਹਾ ਕਿ ਲਕਸ਼ਮੀ ਵਿਲਾਸ ਬੈਂਕ (ਐਲ ਵੀ ਬੀ) ਦੇ ਗਾਹਕਾਂ ਨੂੰ ਸਾਰੀਆਂ ਸੇਵਾਵਾਂ ਉਪਲਬਧ ਹੋਣਗੀਆਂ। ਸੰਕਟ ਵਿੱਚ ਫਸੇ ਲਕਸ਼ਮੀ ਵਿਲਾਸ ਬੈਂਕ ਦਾ ਡੀ ਬੀ ਐਸ ਬੈਂਕ ਇੰਡੀਆ 'ਚ ਰਲੇਂਵਾਂ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਡੀ ਬੀ ਐਸ ਬੈਂਕ ਇੰਡੀਆ ਨੇ ਕਿਹਾ ਕਿ ਲਕਸ਼ਮੀ ਵਿਲਾਸ ਬੈਂਕ ਦੇ ਗਾਹਕਾਂ ਲਈ ਫਿਲਹਾਲ ਬਚਤ ਖਾਤੇ ਅਤੇ ਐਫ ਡੀ 'ਤੇ ਵਿਆਜ਼ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਡੀ ਬੀ ਐਸ ਬੈਂਕ ਇੰਡੀਆ ਨੇ ਕਿਹਾ ਕਿ ਲਕਸ਼ਮੀ ਵਿਲਾਸ ਬੈਂਕਦਾ ਡੀ ਬੀ ਐਸ ਗਰੁੱਪ ਹੋਲਡਿੰਗਸ ਲਿਮਟਿਡ ਦੀ ਪੂਰੀ ਮਾਲਕੀ ਵਾਲੇ ਸਹਾਇਕ ਡੀ ਬੀ ਐਸ ਬੈਂਕ ਇੰਡੀਆ ਵਿੱਚ ਰਲੇਂਵਾ ਹੋ ਗਿਆ ਹੈ। ਡੀ ਬੀ ਐਸ ਬੈਂਕ ਇੰਡੀਆ ਨੇ ਕਿਹਾ ਕਿ ਲਕਸ਼ਮੀ ਵਿਲਾਸ ਬੈਂਕ ਦੇ ਗਾਹਕਾਂ ਨੂੰ ਸਾਰੀਆਂ ਬੈਂਕਿੰਗ ਸੇਵਾਵਾਂ ਜਾਰੀ ਰਹਿਣਗੀਆਂ। ਉਨ੍ਹਾਂ ਨੂੰ ਅਗਲੇ ਨੋਟਿਸ ਤੱਕ ਬੱਚਤ ਖਾਤਿਆਂ ਅਤੇ ਐਫ ਡੀ ਉਤੇ ਓਹੀ ਵਿਆਜ਼ ਮਿਲੇਗਾ, ਜੋ ਪਹਿਲਾਂ ਲਕਸ਼ਮੀ ਵਿਲਾਸ ਬੈਂਕਵੱਲੋਂ ਦਿੱਤਾ ਜਾਂਦਾ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਲਕਸ਼ਮੀ ਵਿਲਾਸ ਬੈਂਕ ਦੇ ਸਾਰੇ ਕਰਮਚਾਰੀ ਡੀ ਬੀ ਐਸ ਬੈਂਕ ਇੰਡੀਆ ਦੇ ਕਰਮਚਾਰੀ ਹੋਣਗੇ। ਉਨ੍ਹਾਂ ਲਈ ਸੇਵਾ ਸ਼ਰਤਾਂ ਓਹੀ ਰਹਿਣਗੀਆਂ ਜੋ ਲਕਸ਼ਮੀ ਵਿਲਾਸ ਬੈਂਕ 'ਚ ਲਾਗੂ ਸਨ।ਡੀ ਬੀ ਐਸ ਬੈਂਕ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁਰਜੀਤ ਸ਼ੋਮ ਨੇ ਕਿਹਾ ਕਿ ਐਲ ਵੀ ਬੀ ਦੇ ਰਲੇਵੇਂ ਨਾਲ ਉਸ ਦੇ ਗਾਹਕਾਂ ਅਤੇ ਕਰਮਚਾਰੀਆਂ ਨੂੰ ਸਥਿਰਤਾ ਮਿਲੇਗੀ। ਇਸ ਨਾਲ ਸਾਡੇ ਗਾਹਕਾਂ ਦੀ ਗਿਣਤੀ ਵਧੇਗੀ।

## ਨਿਕਿਤਾ ਕਤਲ ਕੇਸ ਵਿਚ ਬੀ ਐਸ ਪੀ ਨੇਤਾ ਜਾਵੇਦ ਅਹਿਮਦ, ਜ਼ਾਕਿਰ ਅਤੇ ਉਸ ਦੀ ਪਤਨੀ ਨੂੰ ਨੋਟਿਸ

ਸੋਹਣਾ, 1 ਦਸੰਬਰ (ਪੋਸਟ ਬਿਊਰੋ)- ਨਿਕਿਤਾ ਕਤਲ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਸੋਹਨਾ ਦੇ ਕਬੀਰ ਨਗਰ ਵਿੱਚ ਛਾਪਾ ਮਾਰਿਆ, ਪਰ ਟੀਮ ਨੂੰ ਕੋਈ ਕਾਮਯਾਬੀ ਨਹੀਂ ਮਿਲੀ।

ਇਸ ਟੀਮ ਨੇ ਕੱਲ੍ਹ ਬੀ ਐਸ ਪੀ ਨੇਤਾ ਜਾਵੇਦ ਅਹਿਮਦ, ਨਿਕਿਤਾ ਹੱਤਿਆਕਾਂਡ ਦੇ ਦੋਸ਼ੀ ਦੇ ਪਿਤਾ ਜ਼ਾਕਿਰ ਅਤੇ ਉਸ ਦੀ ਪਤਨੀ ਅਸਮੀਨਾ ਨੂੰ 41-ਏ ਹੇਠ ਨੋਟਿਸ ਭੇਜ ਦਿੱਤੇ ਹਨ। ਵਰਨਣ ਯੋਗ ਹੈ ਕਿ ਸਾਲ 2018 ਵਿੱਚ ਨਿਕਿਤਾ ਦੇ ਕਿਡਨੈਪ ਦੇ ਮਾਮਲੇ ਨੂੰ ਰਾਜਨੀਤਕ ਦਬਾਅ ਨਾਲ ਰਫਾ-ਦਫਾ ਕਰ ਦਿੱਤਾ ਗਿਆ ਸੀ। ਉਸੇ ਨੂੰ ਲੈ ਕੇ ਨਿਕਿਤਾ ਦੇ ਪਿਤਾ ਨੇ ਅਦਾਲਤ ਤੋਂ ਪਰਮਿਸ਼ਨ ਲੈ ਕੇ ਇਸ ਕੇਸ ਨੂੰ ਰੀ-ਓਪਨ ਕਰਾਇਆ ਹੈ। ਇਸੇ ਕੇਸ ਦੇ ਮੱਦੇਨਜ਼ਰ ਐਸ ਆਈ ਟੀ ਨੇ ਬੀ ਐਸ ਪੀ ਨੇਤਾ ਜਾਵੇਦ ਅਹਿਮਦ, ਦੋਸ਼ੀ ਦੇ ਪਿਤਾ-ਮਾਤਾ ਨੂੰ ਸ਼ਾਮਲ ਕਰਕੇ ਧਾਰਾ (41 ਏ) ਹੇਠ ਜਾਂਚ ਦਾ ਨੋਟਿਸ ਦਿੱਤਾ ਸੀ, ਪਰ ਦੋਵੇਂ ਵਾਰ ਨੋਟਿਸ ਮਿਲਣ ਦੇ ਬਾਅਦ ਵੀ ਕੋਈ ਇਸ ਮਾਮਲੇ ਵਿੱਚ ਪੇਸ਼ ਨਹੀਂ ਹੋਇਆ। ਇਸ ਬਾਰੇ ਕੱਲ੍ਹ ਸਵੇਰੇ ਐਸ ਆਈ ਟੀ ਨੇ ਸੋਹਨਾ ਦੇ ਕਬੀਰ ਨਗਰ ਵਿੱਚ ਛਾਪੇਮਾਰੀ ਕੀਤੀ, ਪਰ ਉਥੇ ਕੋਈ ਸਫਲਤਾ ਨਹੀਂਮਿਲੀ। ਐਸ ਆਈ ਟੀ ਟੀਮ ਦੇ ਐਸ ਆਈ ਸ਼ਿਆਮਵੀਰ ਨੇ ਦੱਸਿਆ ਕਿ ਛਾਪੇਮਾਰੀ ਦੇ ਬਾਅਦ ਤੀਸਰੀ ਵਾਰ ਨੋਟਿਸ ਦਿੱਤੇ ਗਏ ਹਨ।

ਸਮਝਿਆ ਜਾਂਦਾ ਹੈ ਕਿ ਇਸ ਮਾਮਲੇ ਨੂੰ ਰੀ-ਓਪਨ ਹੋਣ ਦੇ ਬਾਅਦ ਮੇਵਾਤ ਦੇ ਵੱਡੇ ਨੇਤਾਵਾਂ 'ਤੇ ਕਾਰਵਾਈ ਪੈਣ ਦੀ ਸੰਭਾਵਨਾ ਵਧ ਗਈ ਹੈ। ਇਸ ਨੂੰ ਲੈ ਕੇ ਦੋਸ਼ੀ ਦੇ ਰਿਸ਼ਤੇਦਾਰ ਅਤੇ ਮਾਤਾ-ਪਿਤਾ ਮੌਕੇ ਤੋਂ ਫਰਾਰ ਹਨ।

# ਕੇਜਰੀਵਾਲ ਸਰਕਾਰ ਦੀ ਐਂਬੂਲੈਂਸ ਸੇਵਾ ਸੰਘਰਸ਼ੀ ਕਿਸਾਨਾਂ ਲਈ 'ਸੰਜੀਵਨੀ ਬੂਟੀ' ਬਣੀ

ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਖੇਤੀ ਸੈਕਟਰ 'ਤੇ ਥੋਪੇ ਗਏ ਮਾਰੂ ਕਾਨੂੰਨਾਂ ਵਿਰੁੱਧ ਕੌਮੀ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਪੰਜਾਬ ਸਮੇਤ ਸਾਰੇ ਦੇਸ਼ ਦੇ ਕਿਸਾਨਾਂ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਤਾਇਨਾਤ ਕੀਤੀ ਐਂਬੂਲੈਂਸ ਅਤੇ ਮੁੱਢਲੀ ਡਾਕਟਰੀ ਸੇਵਾ 'ਸੰਜੀਵਨੀ ਬੂਟੀ' ਵਜੋਂ ਕੰਮ ਕਰ ਰਹੀ ਹੈ, ਜਿਹੜੀ ਲੋੜ ਪੈਣ ਉੱਤੇ ਹਰ ਕਿਸੇ ਦੀ ਮਦਦ ਕਰ ਰਹੀ ਹੈ।

ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਉਧੋਕੇ ਤੋਂ ਕੁੰਡਲੀ ਬਾਰਡਰ ਉਤੇ ਧਰਨੇ 'ਤੇ ਬੈਠੇ 85 ਸਾਲਾ ਬਜ਼ੁਰਗ ਨੂੰ ਜਦੋਂਕੱਲ੍ਹ ਸ਼ਾਮ ਛਾਤੀ 'ਚ ਦਰਦ ਉਠਿਆ ਤਾਂ ਉਥੇ ਮੌਜੂਦ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਦਿੱਲੀ ਸਰਕਾਰ ਦੀ ਐਂਬੂਲੈਂਸ ਸੇਵਾ ਨਾਲ ਸੰਪਰਕ ਕੀਤਾ।ਚੰਦ ਮਿੰਟਾਂ ਵਿੱਚ ਪੁੱਜੇ ਐਂਬੂਲੈਂਸ ਸਟਾਫ਼ ਨੇ ਪਾਰਟੀ ਵਲੰਟੀਅਰਾਂ ਦੀ ਮਦਦ ਨਾਲ ਬਜ਼ੁਰਗ ਨੂੰ ਐਂਬੂਲੈਂਸ ਵਿੱਚ ਪਾਇਆ ਅਤੇ ਦਿੱਲੀ ਦੇ ਨੇੜਲੇ ਹਸਪਤਾਲ ਭਰਤੀ ਕਰਵਾਇਆ। ਸਮੇਂ ਸਿਰ ਮਿਲੀ ਡਾਕਟਰੀ ਸਹਾਇਤਾ ਨਾਲ ਦਿੱਲ ਦੇ ਦੌਰੇ ਤੋਂ ਪੀੜਤ ਬਜ਼ੁਰਗ ਦੀ ਜਾਨ ਬਚ ਗਈ। ਦਿੱਲੀ ਦੇ ਤਿਲਕ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਕਿਹਾ ਕਿ ਦਿੱਲੀ ਸਰਕਾਰ ਅਤੇ ਆਮ ਆਦਮੀ ਪਾਰਟੀ ਆਪਣੇ ਹੱਕਾਂ ਅਤੇ ਹੋਂਦ ਲਈ ਲੜ ਰਹੇ ਕਿਸਾਨਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਅੰਦੋਲਨਕਾਰੀ ਕਿਸਾਨਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਜਰਨੈਲ ਸਿੰਘ ਨੇ ਦੱਸਿਆ ਕਿ ਕੇਜਰੀਵਾਲ ਸਰਕਾਰ ਨੇ ਕਿਸਾਨਾਂ ਲਈ ਆਪਣੀ ਨਿੱਜੀ ਜ਼ਿੰਮੇਵਾਰੀ ਸਮਝਦੇ ਹੋਏ ਦਿੱਲੀ ਖੇਤਰ ਵਿੱਚ ਡਾਕਟਰੀ ਟੀਮਾਂ ਅਤੇ ਐਂਬੂਲੈਂਸ, ਲੰਗਰ, ਪੀਣ ਵਾਲੇ ਪਾਣੀ ਦੇ ਟੈਂਕਰ ਤੇ ਮੋਬਾਈਲ ਟਾਇਲੇਟ ਦੀ ਸਹੂਲਤ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਨੇ ਇਹ ਦੱਸਿਆ ਕਿ ਅਰਵਿੰਦ ਕੇਜਰੀਵਾਲ ਵੱਲੋਂ ਪਾਰਟੀ ਦੇ ਆਗੂਆਂ, ਵਿਧਾਇਕਾਂ, ਵਲੰਟੀਅਰਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਉਂਦੇ ਹੋਏ ਇਹ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਇਹ ਸਮਾਂ ਰਾਜਨੀਤੀ ਤੋਂ ਉਪਰ ਉਠ ਕੇ ਸਾਡੇ ਕਿਸਾਨਾਂ ਦੀ ਹਰ ਸੰਭਵ ਮਦਦ ਕਰਨ ਦਾ ਹੈ, ਜੋ ਆਪਣੀ ਹੋਂਦ ਬਚਾਉਣ ਲਈ ਕੇਂਦਰ ਦੀ ਮੋਦੀ ਸਰਕਾਰ ਨਾਲ ਲੜ ਰਹੇ ਹਨ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਇਰਾਨ ਨੇ ਇਜ਼ਰਾਈਲ ’ਤੇ ਐਟਮੀ ਵਿਗਿਆਨੀ ਨੂੰ ਕਤਲ ਕਰਨ ਦੇ ਦੋਸ਼ ਲਾਏ



ਮ੍ਰਿਤਕ ਵਿਗਿਆਨੀ ਦੀ ਫਾਇਲ ਫੋਟੋ।

ਤਹਿਰਾਨ, 1 ਦਸੰਬਰ (ਪੋਸਟ ਬਿਊਰੋ)- ਇਰਾਨ ਦੇ ਇੱਕ ਸਿਖਰਲੇ ਸੁਰੱਖਿਆ ਅਧਿਕਾਰੀ ਨੇ ਇਜ਼ਰਾਈਲ ’ਤੇ ਦੋਸ਼ ਲਾਇਆ ਹੈ ਕਿ ਉਸ ਨੇ ਇਰਾਨ ਦੇ ਫੌਜੀ ਐਟਮੀ ਪ੍ਰੋਗਰਾਮ ਦੀ ਨੀਂਹ ਰੱਖਣ ਵਾਲੇ ਵਿਗਿਆਨੀ ਮੋਹਸਿਨ ਫਖਰੀਜ਼ਦੇਹ ਨੂੰ ਇੱਕ ਹਮਲੇ ਵਿੱਚ ਕਤਲ ਕਰ ਦਿੱਤਾ ਹੈ। ਦੇਸ਼ ਦੀ ਕੌਮੀ ਸੁਰੱਖਿਆ ਕੌਂਸਲ ਦੇ ਸਕੱਤਰ ਅਲੀ ਸ਼ਮਖਾਨੀ ਨੇ ਇਹ ਗੱਲ ਵਿਗਿਆਨੀ ਫਖਰੀਜ਼ਦੇਹ ਨੂੰ ਸਪੁਰਦ-ਏ-ਖ਼ਾਕ ਕਰਨ ਮੌਕੇ ਆਖੀ ਹੈ।

ਇਸ ਦੌਰਾਨ ਇਰਾਨ ਦੇ ਰੱਖਿਆ ਮੰਤਰੀ ਨੇ ਫਖਰੀਜ਼ਦੇਹ ਦੇ ਕੰਮ ਨੂੰ ਅੱਗੇ ਵਧੇਰੇ ਤੇਜ਼ੀ ਤੇ ਵਧੇਰੀ ਊਰਜਾ ਨਾਲ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਹੈ। ਵਰਨਣ ਯੋਗ ਹੈ ਕਿ ਫਖਰੀਜ਼ਦੇਹ ਇਰਾਨ ਐਮੇਡ ਪ੍ਰੋਗਰਾਮ ਦੀ ਅਗਵਾਈ ਕਰਦਾ ਸੀ, ਜਿਸ ਨੂੰ ਇਜ਼ਰਾਈਲ ਤੇ ਪੱਛਮੀ ਦੇਸ਼ਾਂ ਵੱਲੋਂ ਇੱਕ ਫੌਜੀ ਕਾਰਵਾਈ ਦੱਸਿਆ ਜਾਂਦਾ ਹੈ, ਜੋ ਐਟਮੀ ਹਥਿਆਰ ਬਣਾਉਣ ਸਬੰਧੀ ਹੈ। ਵਿਗਿਆਨੀ ਨੂੰ ਸਪੁਰਦ ਏ ਖਾਕ ਕੀਤੇ ਜਾਣ ਦਾ ਸਿੱਧਾ ਪ੍ਰਸਾਰਨ ਸਰਕਾਰੀ ਟੀ ਵੀ ਉੱਤੇ ਕੀਤਾ ਗਿਆ। ਇਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਰੱਖਿਆ ਮੰਤਰਾਲੇ ਦੇ ਬਾਹਰਲੇ ਖੇਤਰ ਵਿੱਚ ਫਖਰੀਜ਼ਦੇਹ ਦੀਆਂ ਅੰਤਿਮ ਰਸਮਾਂ ਕੀਤੀਆਂ ਗਈਆਂ। ਵਿਗਿਆਨੀ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ। ਇਸ ਮੌਕੇ ਰੱਖਿਆ ਮੰਤਰੀ ਜਨਰਲ ਆਮਿਰ ਹਤਾਮੀ ਤੋਂ ਇਲਾਵਾ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਤਹੱਵੁਰ ਰਾਣਾ ਦੀ ਭਾਰਤ ਨੂੰ ਹਵਾਲਗੀ ਦੇ ਕੇਸ ਦੀ ਸੁਣਵਾਈ 12 ਫਰਵਰੀ ਨੂੰ




ਵਾਸ਼ਿੰਗਟਨ, 1 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਅਦਾਲਤ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਹਵਾਲਗੀ ਦੇ ਕੇਸ ਵਿੱਚ 12 ਫਰਵਰੀ ਨੂੰ ਸੁਣਵਾਈ ਕਰੇਗੀ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਤਹੱਵੁਰ ਰਾਣਾ ਨੂੰ 2008 ਵਿੱਚ ਮੁੰਬਈ ਵਿੱਚ ਹੋਏ ਦਹਿਸ਼ਤਗਰਦ ਹਮਲਿਆਂ ਦੇ ਕੇਸ ਵਿੱਚ ਭਗੌੜਾ ਐਲਾਨਿਆ ਹੋਇਆ ਹੈ। ਡੇਵਿਡ ਕੋਲਮੈਨ ਹੇਡਲੀ ਦੇ ਬਚਪਨ ਦੇ ਦੋਸਤ ਰਾਣਾ (59) ਨੂੰ 10 ਜੂਨ ਨੂੰ ਲਾਸ ਏਂਜਲਸ ਵਿੱਚ ਮੁੜ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਮੁੰਬਈ ਹਮਲਿਆਂ ਵਿੱਚ ਸ਼ਾਮਲ ਹੋਣ ਦੇ ਕੇਸ ਵਿੱਚ ਭਾਰਤ ਸਰਕਾਰ ਵੱਲੋਂ ਉਸ ਦੀ ਹਵਾਲਗੀ ਦੀ ਅਪੀਲ ’ਤੇ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁੰਬਈ ਵਾਲੇ ਇਨ੍ਹਾਂ ਹਮਲਿਆਂ ਵਿੱਚ 6 ਅਮਰੀਕੀਆਂ ਸਮੇਤ 166 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਪੁਲਸ ਨੇ ਡੇਵਿਡ ਕੋਲਮੈਨ ਹੈਡਲੀ ਦੀ ਗ੍ਰਿਫ਼ਤਾਰੀ ਦੇ ਤੁਰੰਤ ਬਾਅਦ ਤਹੱਵੁਰ ਰਾਣਾ ਨੂੰ ਪਹਿਲੀ ਵਾਰ ਸ਼ਿਕਾਗੋ ਓਹਾਰੇ ਹਵਾਈ ਅੱਡੇ ’ਤੇ ਅਕਤੂਬਰ 2009 ਵਿੱਚ ਗ੍ਰਿਫ਼ਤਾਰ ਕੀਤਾ ਸੀ। ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲ੍ਹਾ ਕੋਰਟ ਦੀ ਜੱਜ ਜੈਕਲੀਨ ਚੇਲੋਨਿਅਨ ਨੇ 13 ਨਵੰਬਰ ਨੂੰ ਜਾਰੀ ਆਪਣੇ ਹੁਕਮ ਵਿੱਚ ਕਿਹਾ ਕਿ ਇਸ ਕੇਸਵਿੱਚ ਹਵਾਲਗੀ ਦੀ ਸੁਣਵਾਈ 12 ਫਰਵਰੀ 2021 ਨੂੰ ਸਵੇਰੇ 10 ਵਜੇ ਹੋਵੇਗੀ। ਰਾਣਾ ਕੋਲ ਹਵਾਲਗੀ ਦੀ ਅਪੀਲ ਦੇ ਵਿਰੁੱਧ ਪਟੀਸ਼ਨ ਦਾਇਰ ਕਰਨ ਲਈ 21 ਦਸੰਬਰ ਤੱਕ ਸਮਾਂ ਹੈ। ਅਮਰੀਕੀ ਸਰਕਾਰ ਕੋਲ ਇਸ ਦਾ ਜਵਾਬ ਦਾਇਰ ਕਰਨ ਲਈ ਇੱਕ ਹੋਰ ਮਹੀਨੇ ਦਾ ਸਮਾਂ ਹੋਵੇਗਾ।

ਇਸ ਤੋਂ ਪਹਿਲਾਂ ਅਮਰੀਕਾ ਦੀ ਸਰਕਾਰ ਨੇ 28 ਸਤੰਬਰ ਨੂੰ ਆਪਣੇ ਪ੍ਰਸਤਾਵ ਵਿੱਚ ਰਾਣਾ ਨੂੰ ਭਾਰਤ ਦੇ ਹਵਾਲੇ ਕੀਤੇ ਜਾਣ ਦਾ ਸਮਰਥਨ ਕੀਤਾ ਸੀ। ਭਾਰਤ ਵਿੱਚ ਤਹੱਵੁਰ ਰਾਣਾ ਦੇ ਵਿਰੁੱਧ ਯੁੱਧ ਛੇੜਨ, ਅਤਿਵਾਦੀ ਗਤੀਵਿਧੀਆਂ, ਸਾਜ਼ਿਸ਼ ਰਚਣ ਅਤੇ ਕਤਲ ਕਰਨ ਸਮੇਤ ਕਈ ਹੋਰ ਮਾਮਲਿਆਂ ਵਿੱਚ ਦੋਸ਼ ਤੈਅ ਕੀਤੇ ਗਏ ਹਨ। ਅਮਰੀਕਾ ਦੇ ਅਟਾਰਨੀ ਨਿਕੋਲਾ ਟੀ ਹੰਨਾ ਨੇ ਕਿਹਾ ਕਿ ਅਮਰੀਕੀ ਸਰਕਾਰ ਨੇ ਤਰਕ ਦਿੱਤਾ ਕਿ ਹੈਡਲੀ ਨੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਸਨ।ਉਨ੍ਹਾਂ ਕਿਹਾ, “ਰਾਣਾ ਦੀ ਸਥਿਤੀ ਵੱਖ ਹੈ, ਕਿਉਂਕਿ ਉਸ ਨੇ ਨਾ ਅਪਰਾਧ ਸਵੀਕਾਰ ਕੀਤਾ ਅਤੇ ਨਾ ਹੀ ਅਮਰੀਕੀ ਸਰਕਾਰ ਨਾਲ ਸਹਿਯੋਗ ਕੀਤਾ, ਇਸ ਲਈ ਉਸ ਨੂੰ ਉਹ ਲਾਭ ਨਹੀਂ ਦਿੱਤੇ ਜਾ ਸਕਦੇ, ਜੋ ਹੈਡਲੀ ਨੂੰ ਦਿੱਤੇ ਸਨ। ਇਹ ਵਤੀਰਾ ਤਰਕ ਸੰਗਤ ਨਹੀਂ ਅਤੇ ਨਾ ਹੀ ਰਾਣਾ ਦੀ ਹਵਾਲਗੀ ਨੂੰ ਰੋਕਦਾ ਹੈ।’’

## ‘ਮਹਾਮਾਰੀ’ ਸਾਲ 2020 ਦਾ ਸਭ ਤੋਂ ਪ੍ਰਚੱਲਿਤ ਸ਼ਬਦ ਕਰਾਰ



ਨਿਊਯਾਰਕ, 1 ਦਸੰਬਰ (ਪੋਸਟ ਬਿਊਰੋ)- ਦੁਨੀਆ ਵਿੱਚ ਕੋਵਿਡ-19 ਦੇ ਕਹਿਰ ਦੌਰਾਨ ਦੋ ਡਿਕਸ਼ਨਰੀ ਕੰਪਨੀਆਂ ਮੈਰੀਅਮ-ਵੈੱਬਸਟਾਰ ਅਤੇ ਡਿਕਸ਼ਨਰੀ.ਕਾਮ ਨੇ ਅੱਜ ਸ਼ਬਦ ‘ਮਹਾਮਾਰੀ’ ਸ਼ਬਦ ਨੂੰ ਸਾਲ 2020 ਦਾ ਸਭ ਤੋਂ ਪ੍ਰਚੱਲਿਤ ਸ਼ਬਦ ਐਲਾਨਿਆ ਹੈ। ਚੀਨ ਤੋਂ ਸ਼ੁਰੂ ਹੋ ਕੇ ਪੂਰੀ ਦੁਨੀਆਂ ’ਚ ਕਹਿਰ ਮਚਾਉਣ ਵਾਲੇ ਕਰੋ-ਨਾਵਾਇਰਸ ਲਈ ਆਲਮੀ ਸਿਹਤ ਸੰਸਥਾ (ਡਬਲਿਊਐੱਚਓ) ਨੇ ‘ਮਹਾਮਾਰੀ’ ਸ਼ਬਦ ਵਰਤਿਆ ਸੀ। ਇਹ ਸ਼ਬਦ ਪੂਰੀ ਚਰਚਾ ਵਿੱਚ ਆਇਆ ਤੇ ਬੱਚੇ ਵੀ ਆਪਣੇ ਮਾਤਾ-ਪਿਤਾ ਤੋਂ ਪੁੱਛਣ ਲੱਗੇ ਪਏ ਸਨ ਕਿ ‘ਮਹਾਮਾਰੀ’ ਕੀ ਹੁੰਦੀ ਹੈ। ਇਸ ਸਭ ਦੇ ਚੱਲਦਿਆਂ ਡਿਕਸ਼ਨਰੀ.ਕਾਮ ਨੇ ਅੱਜ ਇਸ ਸ਼ਬਦ ਨੂੰ ਸਾਲ 2020 ਦਾ ਪ੍ਰਚੱਲਿਤ ਸ਼ਬਦ ਐਲਾਨਿਆ ਹੈ। ਸੀਨੀਅਰ ਖੋਜ ਸੰਪਾਦਕ ਜੌਨ ਕੈਲੀ ਨੇ ਦੱਸਿਆ ਕਿ 11 ਮਾਰਚ ਨੂੰ ਇੰਟਰਨੈੱਟ ਉੱਤੇ ਇਸ ਸ਼ਬਦ ਦੀ ਖੋਜ ਵਿੱਚ 13,500 ਫ਼ੀਸਦੀ ਤੋਂ ਵੱਧ ਦਾ ਵਾਧਾ ਹੋਇਆ ਸੀ। ਇਸ ਮਗਰੋਂ ਹਰ ਮਹੀਨੇ ਇਸ ਦੀ ਖੋਜ ਇੱਕ ਹਜ਼ਾਰ ਫ਼ੀਸਦੀ ਹੋਰ ਵਧਦੀ ਗਈ।

## ਕੈਨੇਡਾ ਵਲੋਂ ਕੌਮਾਂਤਰੀ ਸਫ਼ਰ ਸਬੰਧੀ ਪਾਬੰਦੀਆਂ ਜਾਰੀ ਰੱਖਣ ਦਾ ਐਲਾਨ

ਓਟਾਵਾ, 1 ਦਸੰਬਰ (ਪੋਸਟ ਬਿਊਰੋ)- ਮੁਲਕ ਵਿੱਚ ਕੋਵਿਡ- 19 ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਇਸ ਵਾਇਰਸ ਦੀ ਲਾਗ ਫੈਲਣ ਤੋਂ ਰੋਕਣ ਲਈ ਕੈਨੇਡਾ ਨੇ ਕੌਮਾਂਤਰੀ ਸਫ਼ਰ ’ਤੇ ਲਾਈਆਂ ਪਾਬੰਦੀਆਂ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਐਤਵਾਰ ਨੂੰ ਜਾਰੀ ਬਿਆਨ ’ਚ ‘ਜਨਤਕ ਸੁਰੱਖਿਆ ਅਤੇ ਹੰਗਾਮੀ ਹਾਲਾਤ ਨਾਲ ਨਜਿੱਠਣ ਬਾਰੇ ਮੰਤਰਾਲੇ’ ਦੇ ਮੰਤਰੀ ਬਿੱਲ ਬਲੇਅਰ ਨੇ ਦੱਸਿਆ ਕਿ ਅਮਰੀਕੀ ਨਾਗਰਿਕਾਂ ’ਤੇ ਸਫ਼ਰ ਸਬੰਧੀ ਪਾਬੰਦੀਆਂ 21 ਦਸੰਬਰ ਤੱਕ ਜਾਰੀ ਰਹਿਣਗੀਆਂ ਜਦਕਿ ਹੋਰ ਮੁਲਕਾਂ ਤੋਂ ਆਉਣ ਵਾਲੇ ਲੋਕਾਂ ’ਤੇ ਪਾਬੰਦੀ 21 ਜਨਵਰੀ ਤੱਕ ਜਾਰੀ ਰਹੇਗੀ। ਬੀਤੀ 16 ਮਾਰਚ ਤੋਂ ਲਾਗੂ ਕੀਤੀਆਂ ਗਈਆਂ ਪਾਬੰਦੀਆਂ ਜਿਆਦਾਤਰ ਵਿਦੇਸ਼ੀ ਨਾਗਰਿਕਾਂ ’ਤੇ ਗੈਰ-ਜ਼ਰੂਰੀ ਸਫ਼ਰ ਲਈ ਕੈਨੇਡਾ ਆਉਣ ’ਤੇ ਪਾਬੰਦੀ ਲਾਉਂਦੀਆਂ ਹਨ।

# ਆਸਟ੍ਰੇਲੀਆ ਨੇ ਕਿਹਾ, ਜੰਗੀ ਅਪਰਾਧ ਸਬੰਧੀ ‘ਝੂਠੇ’ ਅਤੇ ‘ਅਸੰਗਤ’ ਟਵੀਟ ਲਈ ਚੀਨ ਮੁਆਫੀ ਮੰਗੇ



ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ




ਚੀਨ ਵਲੋਂ ਟਵੀਟ ਕੀਤੀ ਗਈ ਫੋਟੋ।

ਮੈਲਬੌਰਨ, 1 ਦਸੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਚੀਨ ਦੀ ਸਰਕਾਰ ਤੋਂ ‘ਝੂਠੀ’ ਅਤੇ ‘ਅਸੰਗਤ’ ਫੋਟੋ ਟਵੀਟ ਕਰਨ ਲਈ ਮੁਆਫੀ ਮੰਗਣ ਦੀ ਮੰਗ ਕੀਤੀ ਹੈ। ਜਿਸ ਵਿੱਚ ਆਸਟ੍ਰੇਲੀਆਈ ਫ਼ੌਜੀ ਅਫਗਾਨਿਸਤਾਨ ’ਚ ਇੱਕ ਬੱਚੇ ਦੀ ਹੱਤਿਆ ਕਰਦਾ ਨਜ਼ਰ ਆ ਰਿਹਾ ਹੈ।

ਵਰਨਣ ਯੋਗ ਹੈ ਕਿ ਇਸ ਟਵੀਟ ਤੋਂ ਬਾਅਦ ਚੀਨ ਅਤੇ ਆਸਟ੍ਰੇਲੀਆ ਵਿੱਚ ਸਿਆਸੀ ਤਣਾਅ ਪੈਦਾ ਹੋ ਗਿਆ ਹੈ। ਸਕਾਟ ਮੌਰੀਸਨ ਨੇ ਚੀਨ ਦੇ ਵਿਦੇਸ਼ ਮੰਤਰਾਲੇ ਤੋਂ ਫਰਜ਼ੀ ਟਵੀਟ ਨੂੰ ਹਟਾਉਣ ਦੀ ਮੰਗ ਕੀਤੀ ਹੈ, ਜਿਸ ਵਿੱਚ ਜੰਗੀ ਅਪਰਾਧ ਜਾਂਚ ਦੇ ਪਿਛੋਕੜ ’ਚ ਆਸਟ੍ਰੇਲੀਆਈ ਰੱਖਿਆ ਫੌਜਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਵਿਵਾਦ ਦੌਰਾਨ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਆਨ ਨੇ ਇੱਕ ਗ੍ਰਾਫਿਕ ਤਸਵੀਰ ਟਵੀਟ ਕੀਤੀ ਸੀ, ਜਿਸ ਵਿੱਚ ਮੁਸਕਰਾਉਂਦੇ ਹੋਏ ਇਕ ਫ਼ੌਜੀ ਨੇ ਚਾਕੂ ਇੱਕ ਬੱਚੇ ਦੇ ਗਲੇ ’ਤੇ ਰੱਖਿਆ ਹੋਇਆ ਹੈ। ਬੱਚਾ ਇੱਕ ਮੇਮਨੇ ਵਾਂਗ ਗੋਦ ਵਿੱਚ ਰੱਖਿਆ ਹੋਇਆ ਹੈ।ਝਾਓ ਨੇ ਇਸ ਤਸਵੀਰ ਦੇ ਨਾਲ ਲਿਖਿਆ ਕਿ ਉਹ ਆਸਟ੍ਰੇਲੀਆਈ ਫ਼ੌਜੀ ਵੱਲੋਂ ਅਫਗਾਨਿਸਤਾਨ ਦੇ ਨਾਗਰਿਕਾਂ ਅਤੇ ਕੈਦੀਆਂ ਦੀ ਹੱਤਿਆ ਤੋਂ ਹੈਰਾਨ ਹਨ। ਅਸੀਂ ਇਸ ਕਾਰੇ ਦੀ ਨਿੰਦਾ ਕਰਦੇ ਤੇ ਇਸ ਦੇ ਲਈ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਕਰਦੇ ਹਾਂ। ਉਨ੍ਹਾਂ ਨੇ ਲਿਖਿਆ ਕਿ ਤੁਸੀਂ ਚਿੰਤਾ ਨਾ ਕਰੋ, ਅਸੀਂ ਸ਼ਾਂਤੀ ਲਈ ਆ ਰਹੇ ਹਾਂ। ਫੋਟੋ ’ਤੇ ਲਿਖੇ ਸੰਦੇਸ਼ ਵਿੱਚ ਆਸਟ੍ਰੇਲੀਆਈ ਫ਼ੌਜ ਵੱਲੋਂ ਇਸ ਮਹੀਨੇ ਦਿੱਤੀ ਗਈ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਦੇ ਮੁਤਾਬਕ ਸਾਲ 2009 ਤੋਂ 2013 ਦਰਮਿਆਨ ਅਫਗਾਨਿਸਤਾਨ ਦੇ 39 ਨਾਗਰਿਕਾਂ ਅਤੇ ਕੈਦੀਆਂ ਦੀ ਹੱਤਿਆ ਵਿੱਚ ਆਸਟ੍ਰੇਲੀਆ ਦੇ ਕੁਝ ਫ਼ੌਜੀਆਂ ਦੇ ਸ਼ਾਮਲ ਹੋਣ ਦੀ ਸੂਚਨਾ ਹੈ। ਸਕਾਟ ਮੌਰੀਸਨ ਨੇ ਕਿਹਾ ਕਿ ਚੀਨੀ ਸਰਕਾਰ ਨੂੰ ਇਸ ਪੋਸਟ ਲਈ ਸ਼ਰਮਿੰਦਾ ਹੋਣਾ ਚਾਹੀਦਾ ਹੈ। ਇਸ ਨੇ ਦੁਨੀਆ ਦੀ ਨਜ਼ਰ ’ਚ ਉਸ ਨੂੰ ਡਿੱਗਾ ਦਿੱਤਾ ਹੈ।

# ਥਿੰਕ ਟੈਂਕ ਦਾ ਦਾਅਵਾ, ਚੀਨ ਦੇ ਲਈ ਬਾਈਡੇਨ ਵੱਡਾ ਖਤਰਾ ਸਾਬਤ ਹੋਣਗੇ



ਪੇਈਚਿੰਗ, 1 ਦਸੰਬਰ (ਪੋਸਟ ਬਿਊਰੋ)- ਦੁਨੀਆ ’ਤੇ ਰਾਜ ਕਰਨ ਦਾ ਸੁਫਨਾ ਦੇਖਣ ਵਾਲੇ ਚੀਨ ਦੇ ਲਈ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਕਿਸੇ ਵੀ ਵੱਡੇ ਖਤਰੇ ਤੋਂ ਘੱਟ ਨਹੀਂ ਹਨ। ਆਪਣੀਆਂ ਵਿਸਥਾਰ ਵਾਦੀ ਨੀਤੀਆਂ ਲਈ ਦੁਨੀਆ ਦੀਆਂ ਨਜ਼ਰਾਂ ਵਿੱਚ ਰੜਕ ਰਹੇ ਚੀਨ ਦੇ ਲਈ ਡੋਨਾਲਡ ਟਰੰਪ ਵੀ ਕਿਸੇ ਬੁਰੇ ਸੁਫਨੇ ਤੋਂ ਘੱਟ ਨਹੀਂ ਰਹਿਣਗੇ ਅਤੇ ਉਨ੍ਹਾਂ ਨੂੰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਦੀ ਗੱਦੀ ਸੰਭਾਲਣ ਜਾ ਰਹੇ ਜੋਅ ਬਾਈਡੇਨ ਤੋਂ ਵੀ ਖਤਰਾ ਨਜ਼ਰ ਆ ਰਿਹਾ ਹੈ। ਚੀਨ ਦੇ ਇੱਕ ਵੱਡੇ ਥਿੰਕ ਟੈਂਕ ਦੇ ਅਨੁਸਾਰ ਬਾਈਡੇਨ ਪ੍ਰਸ਼ਾਸਨ ਚੀਨ ’ਤੇ ਕਈ ਨਵੀਆਂ ਪਾਬੰਦੀਆਂ ਲਗਾ ਸਕਦਾ ਹੈ, ਜਿਸ ਨਾਲ ਅਗਲੇ ਸਾਲ ਵੀ ਚੀਨ ਦੀ ਅਰਥ ਵਿਵਸਥਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

ਚੀਨ ਦੇ ਸੈਂਟ੍ਰਲ ਬੈਂਕ ਦੇ ਸਾਬਕਾ ਸਲਾਹਕਾਰ ਅਤੇ ਇਸ ਵੇਲੇ ਸਿੰਘੁਆ ਯੂਨੀਵਰਸਿਟੀ ਦੇ ਪ੍ਰੋਫੇਸਰ ਡੇਵਿਡ ਲੀ ਡੋਕੁਈ ਨੇ ਇੱਕ ਇੰਟਰਵਿਊ ਵਿੱਚ ਚੀਨੀ ਸਰਕਾਰ ਨੂੰ ਸੂਚੇਤ ਕੀਤਾ ਹੈ ਕਿ ਜੋਅ ਬਾਈਡੇਨ ਵੀ ਟਰੰਪ ਵਾਂਗ ਚਾਈਨਾ ਦੇ ਪ੍ਰਤੀ ਸਖ਼ਤ ਰੁਖ ਧਾਰਨ ਕਰ ਸਕਦੇ ਹਨ। ਉਨ੍ਹਾਂ ਨੇ ਜੋਅ ਬਾਈਡੇਨ ਪ੍ਰਸ਼ਾਸਨ ਦੇ ਖਤਰੇ ਗਿਣਾਉਂਦੇ ਹੋਏ ਕਿਹਾ ਕਿ ਉਹ ਅਮਰੀਕਾ ਵਿੱਚ ਅਜਿਹੀਆਂ ਕਈ ਨੀਤੀਆਂ ਲਾਗੂ ਕਰ ਸਕਦੇ ਹਨ, ਜਿਨ੍ਹਾਂ ਨਾਲ ਚੀਨ ਦੇ ਉਦਯੋਗਾਂ ਨੂੰ ਸਿੱਧੇ ਤੌਰ ਉੱਤੇ ਨੁਕਸਾਨ ਪਹੁੰਚੇਗਾ। ਡੇਵਿਡ ਲੀ ਡੋਕੁਈ ਨੇ ਕਿਹਾ ਕਿ ਅਗਲੇ ਸਾਲ ਚੀਨ ਦੀ ਵਿਦੇਸ਼ ਨੀਤੀ, ਉਦਯੋਗ ਅਤੇ ਕੰਪਨੀਆਂ ਦੇ ਲਈ ਚੁਣੌਤੀ ਭਰਿਆ ਰਹਿਣ ਵਾਲਾ ਹੈ। ਚੰਗੀ ਗੱਲ ਇਹ ਹੈ ਕਿ ਟਰੰਪ ਪ੍ਰਸ਼ਾਸਨ ਦੀ ਤੁਲਨਾ ਵਿੱਚ ਬਾਈਡੇਨ ਪ੍ਰਸ਼ਾਸਨ ਦੇ ਨਾਲ ਗੱਲ ਕਰਨਾ ਜ਼ਿਆਦਾ ਆਸਾਨ ਰਹੇਗਾ।

## ਮਾਂ-ਬਾਪ ਦੀਆਂ ਲਾਸ਼ਾਂ ਦੇ ਨਾਲ ਮਾਨਸਿਕ ਰੋਗੀ ਧੀ 6 ਦਿਨ ਕਮਰੇ ਵਿੱਚ ਪਈ ਰਹੀ

ਕੋਲਕਾਤਾ, 1 ਦਸੰਬਰ (ਪੋਸਟ ਬਿਊਰੋ)- ਇੱਕ ਡਾਕਟਰੀ ਜੋੜੇ ਦੀਆਂ ਲਾਸ਼ਾਂ ਨਾਲ ਪਿਛਲੇ ਛੇ ਦਿਨਾਂ ਤੋਂਉਨ੍ਹਾਂ ਦੀ ਧੀ ਉਨ੍ਹਾਂ ਦੇ ਫਲੈਟ ਦੇ ਕਮਰੇ ਵਿੱਚ ਪਈ ਹੋਈ ਸੀ। ਲਾਸ਼ਾਂ ਦੇ ਸੜਨ ਨਾਲ ਫੈਲੀ ਬਦਬੂ ਨਾਲ ਭੇਦ ਖੁੱਲ੍ਹਾ ਹੈ।

ਉਤਰੀ 24 ਪਰਗਨਾ ਜ਼ਿਲ੍ਹੇ ਦੇ ਬੜਾ ਨਗਰ ’ਚ ਸਾਹਮਣੇ ਆਈ ਇਸ ਖੌਫਨਾਕ ਘਟਨਾ ਨੇ ਫਿਰ ਰਾਬਿਨਸਨ ਸਟਰੀਟ ਕਾਂਡ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ। ਮ੍ਰਿਤਕਾਂ ਦੇ ਨਾਂਅ ਡਾ. ਏ ਕੇ ਚੌਧਰੀ ਅਤੇ ਡਾ. ਐਸ ਚੌਧਰੀ ਹਨ। ਦੋਵਾਂ ਦੀ ਉਮਰ ਸੱਤਰ ਤੋਂ ਪਾਰ ਸੀ। ਉਨ੍ਹਾਂ ਦੀ ਧੀ ਦੇਵੀ ਮਾਨਸਿਕ ਰੋਗੀ ਦੱਸੀ ਗਈ ਹੈ।ਇਸ ਪਰਵਾਰ ਦਾ ਇਲਾਕੇ ਦੇ ਲੋਕਾਂ ਨਾਲ ਮੇਲ ਜੋਲ ਕਾਫੀ ਘੱਟ ਸੀ। ਡਾਕਟਰ ਜੋੜੇ ਦੀ ਸੁਭਾਵਿਕ ਮੌਤ ਹੋਈ ਜਾਂ ਉਨ੍ਹਾਂ ਨੇ ਖੁਦਕੁਸ਼ੀ ਕੀਤੀ ਜਾਂ ਉਨ੍ਹਾਂ ਦੀ ਹੱਤਿਆ ਕੀਤੀ ਗਈ, ਪੁਲਸ ਇਸ ਬਾਰੇ ਉਲਝਣ ਵਿੱਚ ਹੈ।

ਮਾਨਸਕਿ ਰੋਗੀ ਦੀ ਦੇਵੀ ਤੋਂ ਇਸ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ, ਪਰ ਮਨੋਰੋਗੀ ਹੋਣ ਕਾਰਨ ਉਹ ਕਿਸੇ ਵੀ ਸਵਾਲ ਦਾ ਸਹੀ ਢੰਗ ਨਾਲ ਜਵਾਬ ਨਹੀਂ ਦੇ ਰਹੀ। ਗੁਆਂਢੀਆਂ ਤੋਂ ਪਤਾ ਲੱਗਾ ਕਿ ਦੇਵੀ ਤਲਾਕਸ਼ੁਦਾ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਆਪਣੇ ਮਾਤਾ-ਪਿਤਾ ਨਾਲ ਉਨ੍ਹਾਂ ਦੇ ਫਲੈਟ ਵਿੱਚ ਰਹਿ ਰਹੀ ਸੀ। ਪੁਲਸ ਇਸ ਨੂੰ ਸੁਭਾਵਿਕ ਮੌਤ ਦਾ ਕੇਸਨਹੀਂ ਮੰਨ ਰਹੀ, ਕਿਉਂਕਿ ਇੱਕੋ ਸਮੇਂ ਦੋ ਜਣਿਆਂ ਦੀ ਮੌਤ ਕਿਵੇਂ ਹੋ ਸਕਦੀ ਹੈ।

ਕੁਝ ਸਾਲ ਪਹਿਲਾਂ ਰਾਬਿਨਸਨ ਸਟਰੀਟ ’ਚ ਅਜਿਹੀ ਘਟਨਾ ਵਿੱਚ ਇੱਕ ਵਿਅਕਤੀ ਸਾਲਾਂ ਤੋਂ ਆਪਣੀ ਭੈਣ ਦੇ ਪਿੰਜਰ ਨਾਲ ਰਹਿ ਰਿਹਾ ਸੀ। ਬੇਹਲਾ ’ਚ ਵੀ ਇੱਕ ਅਜਿਹੀ ਘਟਨਾ ਵਿੱਚ ਇੱਕ ਵਿਅਕਤੀ ਨੇ ਆਪਣੀ ਮਾਂ ਦੀ ਲਾਸ਼ ਨੂੰ ਫਰਿੱਜ ਵਿੱਚ ਰੱਖ ਦਿੱਤਾ ਸੀ ਤੇ ਪੈਨਸ਼ਨ ਲੈਣ ਲਈ ਉਨ੍ਹਾਂ ਦੇ ਅੰਗੂਠੇ ਦੇ ਨਿਸ਼ਾਨ ਦੀ ਵਰਤੋਂ ਕਰਦਾ ਰਿਹਾ ਸੀ।

## ਏਅਰ ਇੰਡੀਆ ਪਾਇਲਟਾਂ ਵੱਲੋਂ ਤਨਖਾਹ ਕਟੌਤੀ ਬਾਰੇ ਸਰਕਾਰੀ ਦਖਲ ਦੀ ਮੰਗ



ਮੁੰਬਈ, 1 ਦਸੰਬਰ (ਪੋਸਟ ਬਿਊਰੋ)- ਏਅਰ ਇੰਡੀਆ ਦੇ ਪਾਇਲਟ ਸੰਗਠਨਾਂ ਆਈ ਪੀ ਜੀ ਅਤੇ ਆਈ ਸੀ ਪੀ ਨੇ ਤਨਖਾਹ ਕਟੌਤੀ ਦੇ ਮੁੱਦੇ ਉੱਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਦਖਲ ਦੇਣ ਦੀ ਮੰਗ ਕੀਤੀ ਅਤੇ ਵੱਖ-ਵੱਖ ਹੋਰ ਮੁੱਦਿਆਂ ’ਤੇ ਚਰਚਾ ਲਈ ਉਨ੍ਹਾਂ ਦੇ ਨਾਲ ਮੀਟਿੰਗ ਦੀ ਬੇਨਤੀ ਕੀਤੀ ਹੈ।

ਪਾਇਲਟ ਸੰਗਠਨਾਂ ਨੇ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਭੇਜੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਸਤੰਬਰ ’ਚ ਸਾਡੀਆਂ ਮੀਟਿੰਗਾਂ ’ਚ ਤੁਸੀਂ ਸਾਡੀਆਂ ਸ਼ਿਕਾਇਤਾਂ ’ਤੇ ਪਾਜ਼ਿਟਿਵਲੀ ਵਿਚਾਰ ਕਰਨ ਦਾ ਭਰੋਸਾ ਦਿੱਤਾ ਸੀ। ਅੱਜ ਹੋਰ ਜਹਾਜ਼ਰਾਨੀ ਕੰਪਨੀਆਂ ਆਪਣੇ ਪਾਇਲਟਾਂ ਦੀ ਤਨਖਾਹ ’ਚ ਕਟੌਤੀ ਵਾਪਸ ਲੈ ਰਹੀਆਂ ਹਨ,ਜਦੋਂ ਕਿ ਏਅਰ ਇੰਡੀਆ ਦੇ ਪਾਇਲਟਾਂ ਲਈ ਤਨਖਾਹ ’ਚ ਕਟੌਤੀ ਅਕਤੂਬਰ ਤੋਂ ਹੋਰ ਵਧ ਗਈ ਹੈ।

# ਸ੍ਰੀਲੰਕਾ ਦੀ ਜੇਲ੍ਹ ਵਿੱਚ ਦੰਗਿਆਂ ਦੌਰਾਨ 8 ਕੈਦੀਆਂ ਦੀ ਮੌਤ



ਕੋਲੰਬੋ, 1 ਦਸੰਬਰ (ਪੋਸਟ ਬਿਊਰੋ)- ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਦੇ ਬਾਹਰ ਇੱਕ ਜੇਲ੍ਹ ਵਿੱਚ ਹੋਏ ਦੰਗਿਆਂ ਦੌਰਾਨ ਅੱਠ ਕੈਦੀ ਮਾਰੇ ਗਏ, ਜਦ ਕਿ 37 ਜਣੇ ਜ਼ਖਮੀ ਹੋ ਗਏ ਹਨ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕੁਝ ਕੈਦੀਆਂ ਨੇ ਜਬਰੀ ਇੱਕ ਦਰਵਾਜ਼ਾ ਖੋਲ੍ਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਕਾਰਨ ਅਧਿਕਾਰੀਆਂ ਨੂੰ ਤਾਕਤ ਦੀ ਵਰਤੋਂ ਕਰਨੀ ਪਈ। ਪੁਲਸ ਦੇ ਬੁਲਾਰੇ ਅਜੀਤ ਰੋਹਾਨਾ ਨੇ ਦੱਸਿਆ ਹੈ ਕਿ ਕੰਲੋਬੋ ਤੋਂ 15 ਕਿਲੋਮੀਟਰ ਉਤਰ ਵਿੱਚ ਮਹਾਰਾ ਜੇਲ੍ਹ ਵਿੱਚ ਕੈਦੀਆਂ ਨੇ ਗੜਬੜੀ ਦੀ ਕੋਸ਼ਿਸ਼ ਕੀਤੀ। ਅਸਲ ਵਿੱਚ ਸ੍ਰੀਲੰਕਾ ਦੀਆਂ ਵੱਧ ਕੈਦੀਆਂ ਵਾਲੀਆਂ ਜੇਲ੍ਹਾਂ ਵਿੱਚ ਕੋਰੋਨਾ ਮਹਾਮਾਰੀ ਕਾਰਨ ਬੇਚੈਨੀ ਵਧ ਰਹੀ ਹੈ। ਇਸ ਮੁਲਕ ਦੀਆਂ ਅਜਿਹੀਆਂ ਜੇਲ੍ਹਾਂ ਵਿਚ ਕੋਵਿਡ-19 ਕੇਸਾਂ ਦੀ ਗਿਣਤੀ ਲਗਾਤਾਰ ਵਧਣ ਕਾਰਨ ਪਿਛਲੇ ਹਫਤਿਆਂ ਦੌਰਾਨ ਕੈਦੀਆਂ ਨੇ ਕਈ ਜੇਲ੍ਹਾਂ ਵਿੱਚ ਮੁਜ਼ਾਹਰੇ ਵੀ ਕੀਤੇ ਹਨ।ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਘਟਨਾ ਓਦੋਂ ਵਾਪਰੀ ਜਦੋਂ ਰਿਮਾਂਡ ’ਤੇ ਚੱਲ ਰਹੇ ਕੁਝ ਕੈਦੀਆਂ ਨੇ ਜਬਰੀ ਇੱਕ ਦਰਵਾਜ਼ਾ ਖੋਲ੍ਹ ਕੇ ਭੱਜਣ ਦਾ ਯਤਨ ਕੀਤਾ ਜਿਸ ਕਾਰਨ ਅਧਿਕਾਰੀਆਂ ਨੂੰ ਤਾਕਤ ਦੀ ਵਰਤੋਂ ਕਰਨੀ ਪਈ।ਉਨ੍ਹਾਂ ਦੱਸਿਆ ਕਿ ਇਸ ਘਟਨਾ ਦੌਰਾਨ ਘੱਟੋ-ਘੱਟ 37 ਜਣੇ ਜ਼ਖਮੀ ਹੋ ਗਏ, ਜਿਨ੍ਹਾਂਵਿੱਚ ਦੋ ਜੇਲ੍ਹਰ ਵੀ ਹਨ। ਇਨ੍ਹਾਂ ਸਾਰਿਆਂ ਨੂੰ ਨੇੜਲੇ ਰਾਗਾਮਾ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ। ਉਨ੍ਹਾਂ ਦੱਸਿਆ ਕਿ ਕੈਦੀਆਂ ਨੇ ਦੰਗਾ ਕਰਦਿਆਂ ਰਸੋਈ ਤੇ ਜੇਲ੍ਹ ਦੇ ਇੱਕ ਰਿਕਾਰਡ ਰੂਮ ਨੂੰ ਅੱਗ ਲਗਾ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਕੈਦੀ ਉਨ੍ਹਾਂ ਨੂੰ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕਰ ਰਹੇ ਸਨ, ਕਿਉਂਕਿ ਮਹਾਰਾ ਜੇਲ੍ਹ ਵਿੱਚ ਕੋਵਿਡ-19 ਦੇ 175 ਕੇਸ ਸਾਹਮਣੇ ਆ ਚੁੱਕੇ ਹਨ।

# ਪਾਕਿਸਤਾਨ ’ਚ ਛਾਤੀ ਦੇ ਕੈਂਸਰ ਦਾ ਖਤਰਾ ਏਸ਼ੀਆ ਵਿੱਚ ਸਭ ਤੋਂ ਵੱਧ




ਇਸਲਾਮਾਬਾਦ, 1 ਦਸੰਬਰ (ਪੋਸਟ ਬਿਊਰੋ)- ਏਸ਼ੀਆ ਵਿੱਚ ਪਾਕਿਸਤਾਨ ਵਿੱਚ ਛਾਤੀ ਦੇ ਕੈਂਸਰ ਦੀ ਦਰ ਸਭ ਤੋਂ ਵੱਧ ਹੈ, ਕਿਉਂਕਿ ਹਰ ਸਾਲ ਲਗਭਗ 90,000 ਔਰਤਾਂ ਇਸ ਬਿਮਾਰੀ ਨਾਲ ਪੀੜਤ ਹੁੰਦੀਆਂ ਹਨ, ਜਿਨ੍ਹਾਂਵਿੱਚੋਂ 40,000 ਦੀ ਮੌਤ ਹੋ ਜਾਂਦੀ ਹੈ। ਇੱਕ ਮੀਡੀਆ ਰਿਪੋਰਟ ਵਿੱਚ ਕੱਲ੍ਹ ਇਹ ਜਾਣਕਾਰੀ ਦਿੱਤੀ ਗਈ ਹੈ।

ਡਾਨ ਨਿਊਜ਼ ਦੀ ਰਿਪੋਰਟ ਦੇ ਮੁਤਾਬਕ ਇਸ ਦਾ ਖੁਲਾਸਾ ਇੱਕ ਵੈਬੀਨਾਰ ‘ਬ੍ਰੈਸਟ ਕੈਂਸਰ ਅਵੇਰਨੈਸ-ਗਿਵ ਹੋਪ, ਸੇਵ ਲਾਈਫਸ’ ਵਿੱਚ ਸਲਾਹਕਾਰਾਂ ਵੱਲੋਂ ਕੀਤਾ ਗਿਆ ਸੀ, ਜਿਸ ਦਾ ਪ੍ਰਬੰਧ ਦੱਖਣੀ (ਕਾਮਸੈਟਸ) ਵਿੱਚ ਵਿਗਿਆਨ ਅਤੇ ਤਕਨੀਕੀ ਕਮਿਸ਼ਨ ਵੱਲੋਂ ਕੀਤਾ ਗਿਆ ਹੈ। ਇਸ ਅੰਦਾਜ਼ੇ ਮੁਤਾਬਕ 10 ਵਿੱਚੋਂ ਇੱਕ ਪਾਕਿਸਤਾਨੀ ਔਰਤ ਨੂੰ ਬ੍ਰੈਸਟ ਕੈਂਸਰ ਹੋ ਸਕਦਾ ਹੈ। ਸੇਵਾ ਮੁਕਤ ਰਾਜਦੂਤ ਫੌਜੀਆ ਨਸਰੀਨ, ਜੋ ਕਾਮਸੈਟਸ ਦੀ ਸਲਾਹਕਾਰ ਵੀ ਹੈ, ਨੇ ਉਨ੍ਹਾਂ ਉਪਾਵਾਂ ਦੇ ਮਹੱਤਵ ’ਤੇ ਜ਼ੋਰ ਦਿੱਤਾ, ਜਿਨ੍ਹਾਂ ਨੂੰ ਸਮਾਜ ਵਿੱਚ ਕੈਂਸਰ ਨਾਲ ਸਬੰਧਤ ਡਰ, ਜਾਣਕਾਰੀ ਦੀ ਘਾਟ ਨੂੰ ਦੂਰ ਕਰਨ ਲਈ ਢੁਕਵੀਆਂ ਸਹੂਲਤਾਂ ਤੇ ਪਰਵਾਰ ਦਾ ਸਮਰਥਨ ਲੈਣ ਲਈ ਲੋੜ ਹੈ। ਸਿਹਤ ਸੇਵਾ ਅਕਾਦਮੀ ਵਿੱਚ ਸਾਬਕਾ ਐਸੋਸੀਏਟ ਪ੍ਰੋਫੈਸਰ ਅਤੇ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਪਾਕਿਸਤਾਨ ਵਿੱਚ ਸਲਾਹਕਾਰ ਸਮੀਨਾ ਨਈਮ ਨੇ ਬਿਮਾਰੀ ਨਾਲ ਸਬੰਧਤ ਰੂੜੀਆਂ ਅਤੇ ਵਰਜਨਾਵਾਂ ਨੂੰ ਹਟਾਉਣ ’ਤੇ ਜ਼ੋਰ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

## HELP WANTED
### ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

DUNDAS · JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, **Air Distribution Products** ਦੀ **Leading Manufacture company HVAC Industry** ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : **Day** ਅਤੇ **Afternoon Available** ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * **20Lbs** ਤੱਕ ਭਾਰ ਚੁੱਕ ਸਕਣ
* ਆਪਣੇ **Safety Shoes** ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton

ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!! 905-793-2202

AL EMPLOYMENT SERVICES INC

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

**Looking for Experienced:**
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca, WestJet vacations, transat, sunwing, AIR CANADA VACATIONS, tico.ca, IATA

Call Us For Guaranteed Lowest Airfare — ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**



Marriage

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ:

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs


ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

AVTAR UPPAL
Manager

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

You can Place Your Business Here (905)793-2202
To Reach Wider Audience

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada

ZORA KAINTH
DIRECTOR
Member of ICCRC
Oath commissioner of Manitoba

Toronto: 149-2960 Drew Road, Mississauga Winnipeg: 678 McphillipsStreet, Winnipeg

